# ਪਵਿੱਤਰ ਆਤਮਾ ਕੀ ਹੈ?

…ਮੁਸ਼ਕਿਲ ਨਾਲ ਸਿਰਫ਼ ਇੱਕ ਹੀ ਸੰਗਤੀ ਲਈ। ਇਹ ਸੰਗਤੀ ਉਹਨਾਂ ਸੰਗਤੀਆਂ ਨਾਲੋਂ ਕੁਝ ਭਿੰਨ ਹੋਵੇਗੀ ਜੋ ਅਸੀਂ ਇੱਥੇ ਆਮ ਤੌਰ ਤੇ ਕਰਦੇ ਹਾਂ। ਜਿਆਦਾ ਤਰ, ਇੰਝ ਹੁੰਦਾ ਹੈ ਹਰੇਕ ਵਾਰ ਜਦੋਂ ਅਸੀਂ ਇੱਥੇ ਇਕੱਠੇ ਹੁੰਦੇ ਹਾਂ…ਤਾਂ ਅਸੀਂ ਸ਼ਰੀਰਕ ਵਸਤਾਂ ਅਤੇ ਬਿਮਾਰਾਂ ਦੀ ਚੰਗਾਈ ਵਾਸਤੇ ਇਕੱਠੇ ਹੁੰਦੇ ਹਾਂ। ਇਹਨਾਂ ਗੱਲਾਂ ਉੱਤੇ ਹੀ ਉਹਨਾਂ ਸੰਗਤੀਆਂ ਵਿੱਚ ਜੋਰ ਦਿੱਤਾ ਹੈ। ਪਰ ਅੱਜ ਅਸੀਂ ਪ੍ਰਾਣ ਦੀ ਚੰਗਾਈ ਲਈ ਬੇਦਾਰੀ ਨੂੰ ਸ਼ੁਰੂ ਕੀਤਾ ਹੈ, —ਮਨੁੱਖ ਦੇ ਆਤਮ ਦੇ ਲਈ।

ਫਿਰ ਵੀ, ਜੇ ਖੁਦਾ ਦੀ ਮਰਜੀ ਦੀ ਮਰਜੀ ਹੋਈ, ਅਸੀਂ ਐਤਵਾਰ ਸਵੇਰੇ, ਬਿਮਾਰਾਂ ਲਈ ਪ੍ਰਾਰਥਨਾ ਕਰਨ ਅਤੇ ਚੰਗਾਈ ਸਭਾ ਲਈ ਲਗਾਤਾਰ ਪ੍ਰਾਰਥਨਾ ਦੀ ਪੰਗਤੀ ਬਣਾਉਣ ਲਈ ਜਾਂ ਰਹੇ ਹਾਂ, ਜੇ ਪ੍ਰਭੂ ਦੀ ਮਰਜੀ ਹੋਵੇਗੀ ਤਾਂ। ਅਤੇ ਸਾਡੇ ਉੱਤੇ ਬਹੁਤ ਦਬਾਅ ਪਾਇਆ ਗਿਆ ਹੈ ਕਿ ਅਸੀਂ ਇਸ ਹਫ਼ਤੇ ਦੀਆਂ ਰਾਤਾਂ ਵਿੱਚ ਪ੍ਰਾਨ ਲਈ ਅਨੰਤ ਗੱਲਾਂ ਬਾਰੇ ਗੱਲ ਕਰੀਏ।

2 ਹੁਣ, ਅਸੀਂ ਜਾਣਦੇ ਹਾਂ ਕਿ—ਜਦੋਂ ਕੋਈ ਚੰਗਾ ਹੁੰਦਾ ਹੈ ਤਾਂ ਇਸ ਨਾਲ ਸਾਨੂੰ ਸਭਨਾ ਨੂੰ ਖੁਸ਼ੀ ਹੁੰਦੀ ਹੈ। ਕਿਉਂਕਿ ਅਸੀਂ ਜਾਣਦੇ ਹਾਂ ਕਿ ਪੱਕੇ ਤੋਰ ਤੇ ਇਹ ਵਿਖਾਉਂਦਾ ਹੈ ਕਿ ਸਾਡਾ ਖੁਦਾ ਬਿਮਾਰਾਂ ਨੂੰ ਚੰਗਾ ਕਰਦਾ ਹੈ। ਪ੍ਰੰਤੂ ਉਹ ਬਿਮਾਰ ਆਦਮੀ, ਜੋ ਉਹ ਬਹੁਤ ਦੇਰ ਤਕ ਜਿਉਂਦੇ ਰਹਿੰਦੇ ਹਨ, ਹੋ ਸਕਦਾ ਹੈ ਉਹ ਫਿਰ ਬਿਮਾਰ ਹੋ ਜਾਣ ਅਤੇ ਹੋ ਸਕਦਾ ਹੈ ਕਿ ਉਹ ਕਿਸੇ ਹੋਰ ਬਿਮਾਰੀ ਦਾ ਸ਼ਿਕਾਰ ਹੋ ਜਾਣ ਜਿਸ ਤੋਂ ਉਹ ਚੰਗੇ ਹੋ ਜਾਣ, ਇਸ ਨਾਲ ਚੰਗਾਈ ਦਾ ਕੰਮ ਖਤਮ ਨਹੀਂ ਹੁੰਦਾ ਹੈ। ਡਾਕਟਰ ਨਮੂਨੀਏ ਲਈ ਦਵਾਈ ਦੇਵੇਗਾ ਅਤੇ ਹੋ ਸਕਦਾ ਹੈ ਦੋ ਦਿਨ ਬਾਅਦ ਉਹ ਨਮੂਨੀਏ ਨਾਲ ਮਰ ਜਾਵੇ। ਜਦ ਕਿ ਡਾਕਟਰ ਨੇ ਉਸ ਦੀ ਚੰਗਾਈ ਘੋਸ਼ਿਤ ਕਰ ਦਿੱਤੀ ਸੀ। ਇਹ ਫਿਰ ਹੋ ਜਾਂਦਾ ਹੈ। ਪ੍ਰੰਤੂ ਜਦ ਉਹ ਪ੍ਰਾਨ ਚੰਗਾ ਹੋ ਜਾਂਦਾ ਹੈ, ਤਾਂ ਤੁਹਾਡੇ ਕੋਲ ਤੁਹਾਡੇ ਅੰਦਰ ਅਨੰਤ ਜੀਵਨ ਹੁੰਦਾ ਹੈ।

3 ਅਤੇ ਮੈਂ ਵਿਸ਼ਵਾਸ ਕਰਦਾ ਹਾਂ ਕਿ ਅਸੀਂ ਯਿਸੂ ਮਸੀਹ ਦੀ ਆਮਦ ਦੇ ਬਹੁਤ ਹੀ ਨੇੜੇ ਹਾਂ, ਇਸ ਲਈ ਸਾਡੇ ਲਈ ਇਹ ਬਹੁਤ ਜਰੂਰੀ ਹੋ ਜਾਂਦਾ ਹੈ ਕਿ ਅਸੀਂ ਹਰ ਇੱਕ ਰੂਹ ਨੂੰ ਪਰਮੇਸ਼ਵਰ ਦੇ ਰਾਜ ਵਿੱਚ ਲਿਆਉਣ ਲਈ ਅਤੇ ਲੋਕਾਂ ਤਕ ਪਰਮੇਸ਼ਵਰ ਦਾ ਰਾਜ ਲਿਆਉਣ ਲਈ ਜੋ ਕੁਝ ਵੀ ਕਰ ਸਕਦੇ ਹਾਂ ਉਹ ਕਰੀਏ ਤਾਂ ਕਿ ਅਸੀਂ ਆਪਣੀਆਂ ਆਤਮਾਵਾਂ ਵਿੱਚ ਚੰਗੇ ਹੋ ਜਾਈਏ।

ਮੈਂ ਵਿਸ਼ਵਾਸ ਕਰਦਾ ਹਾਂ ਕਿ ਮਸੀਹ ਦੀ ਦੇਹ ਹੀ ਸਭ ਤੋਂ ਵੱਧ ਬਿਮਾਰ ਹੈ ਜਿਸਨੂੰ ਮੈਂ ਜਾਣਦਾ ਹਾਂ; ਉਹ ਹੈ—ਮਸੀਹ ਦੀ ਉਹ ਆਤਮਿਕ ਦੇਹ ਜੋ ਧਰਤੀ ਉੱਤੇ ਹੈ, ਉਹ ਬਹੁਤ ਹੀ ਬਿਮਾਰ ਹੈ।

4 ਅਤੇ ਹੁਣ ਅੱਜ ਰਾਤ ਅਸੀਂ ਤੁਹਾਨੂੰ ਬਹੁਤ ਜਿਆਦਾ ਦੇਰ ਤਕ ਬਿਠਾਈ ਰੱਖਣ ਦੀ ਯੋਜਨਾ ਨਹੀਂ ਕਰ ਰਹੇ ਹਾਂ, ਕਿਉਂਕਿ ਪਹਿਲੀ ਰਾਤ ਸਾਡੇ ਕੋਲ ਆਪਣੇ ਦੋਸਤਾਂ ਨੂੰ ਬਿਠਾਉਣ ਲਈ ਜਗ੍ਹਾ ਨਹੀਂ ਸੀ। ਅਸੀਂ ਇੱਕ ਨਵੇ ਗਿਰਜੇ, ਇੱਕ ਵੱਡੇ ਸਾਰੇ ਭਵਨ ਨੂੰ ਇਸੇ ਜਗ੍ਹਾ ਤੇ ਬਣਾਉਣ ਦੀ ਯੋਜਨਾ ਬਣਾ ਰਹੇ ਹਾਂ, ਜਾਂ ਜਿੱਥੇ ਵੀ ਪਰਮੇਸ਼ਵਰ ਸਾਡੀ ਬਣਾਉਣ ਨੂੰ ਅਗੁਵਾਈ ਕਰੇਗਾ ਅਸੀਂ ਉਹਨੂੰ ਉੱਥੇ ਹੀ ਬਣਾਵਾਂਗੇ, ਪਰ ਜਿੱਥੇ ਤਕ ਅਸੀਂ ਜਾਣਦੇ ਹਾਂ ਅਸੀਂ ਇੱਥੇ ਹੀ ਬਣਾਉਣਾ ਚਾਹੁੰਦੇ ਹਾਂ।

5 ਅਤੇ ਹੁਣ ਅਸੀਂ ਦੱਸ ਚੁੱਕੇ ਹਾਂ ਕਿ ਅਸੀਂ ਬੁੱਧਵਾਰ ਤੋਂ ਲੈ ਕੇ ਐਤਵਾਰ ਤਕ ਸੰਗਤੀਆਂ ਕਰਾਂਗੇ। ਪ੍ਰੰਤੂ ਅਸੀਂ ਐਤਵਾਰ, ਨੂੰ ਵੱਡੇ ਦਿਨ ਦੇ ਨਾਲ ਹੀ ਸੰਗਤੀਆਂ ਖਤਮ ਕਰਾਂਗੇ, ਪ੍ਰੰਤੂ ਇਹ...ਜਦੋਂ ਕਦੇ ਪਰਮੇਸ਼ਵਰ ਸਾਨੂੰ ਖਤਮ ਕਰਨ ਲਈ ਕਹੇਗਾ, ਇਹ ਹੀ ਉਹ ਸਮਾਂ ਹੋਵੇਗਾ ਜਦੋਂ ਅਸੀਂ ਸਮਾਪਤ ਕਰਾਂਗੇ। ਅਸੀਂ ਨਹੀਂ ਜਾਣਦੇ ਕਿ ਇਹਨਾਂ ਸੰਗਤੀਆਂ ਦੇ ਕੀ ਨਤੀਜੇ ਨਿਕਲਣਗੇ। ਪਰ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਜਿਹਦੇ ਲੋਕ ਇੱਥੇ ਇਸ ਭਵਨ ਵਿੱਚ ਅਤੇ ਸਾਡੀਆਂ ਸਹਿਯੋਗੀ ਕਲਿਸਿਆਵਾਂ ਵਿੱਚ ਹਨ, ਇਹਨਾਂ ਸੰਗਤੀਆਂ ਰਾਹੀਂ ਬਰਕਤ ਪਾਉਣਗੇ, (ਜੋ ਕਿ ਇਹਨਾਂ ਵਿੱਚੋਂ, —ਇਹਨਾਂ ਕਲਿਸਿਆਵਾਂ ਵਿੱਚੋਂ ਇੱਕ ਹੋਲੀਨੇਸ ਭਵਨ ਯੁਟਿਕਾ ਵਿੱਚ ਹੈ ਜਿੱਥੇ ਭਾਈ ਗ੍ਰਾਹਮ ਸਨੈਲਿੰਗ ਸੇਵਾਦਾਰ ਹਨ, ਅਤੇ ਨਿਊ ਐਲਬਣੀ ਵਿੱਚ ਭਾਈ—ਭਾਈ ਜੂਨੀ ਜੈਕਸਨ ਸੇਵਾਦਾਰ ਹਨ, ਅਤੇ ਬਾਹਰ ਮੁੱਖਮਾਰਗ ਤੇ ਜੋ ਕਲੀਸੀਆ ਹੈ, ਉੱਥੇ ਭਾਈ ਰੁਡਲ ਸੇਵਕ ਹਨ), ਉਹ ਸਾਡੀਆਂ ਸਹਿਯੋਗੀ ਕਲਿਸੀਆਂਵਾਂ ਹਨ, ਅਤੇ ਅਸੀਂ ਕੋਸ਼ਿਸ਼ ਕਰ ਰਹੇ ਹਾਂ...ਆਪਣੇ ਲੋਕਾਂ ਨੂੰ ਮਸੀਹ ਦੇ ਨਾਲ ਠੀਕ ਸੰਗਤ ਵਿੱਚ ਲੈ ਕੇ ਆਈਏ। ਅਤੇ ਇਹ ਹੀ ਸਾਡਾ ਮਕਸਦ ਹੈ। ਇਸੇ ਲਈ ਮੈਂ ਕੁਝ ਰਾਤਾਂ ਨੂੰ, ਅਧਿਐਨ ਕਰਨ ਅਤੇ ਅਧਿਐਨ ਕਰਾਉਣ ਲਈ ਚੁਣਿਆ ਹੈ...

6 ਅੱਜ ਰਾਤ ਮੈਂ ਇਸ ਵਿਸ਼ੇ ਤੇ ਬੋਲਣਾ ਚਾਹੁੰਦਾ ਹਾਂ; *ਪਵਿੱਤਰ ਆਤਮਾ ਕੀ ਹੈ?* ਅਤੇ ਕਲ ਰਾਤ ਮੈਂ ਪ੍ਰਚਾਰ ਕਰਨ ਚਾਹੁੰਦਾ ਹਾਂ; *ਇਹ ਕਿਉਂ ਦਿੱਤਾ ਗਿਆ?* ਅਤੇ ਸ਼ੁੱਕਰਵਾਰ ਦੀ ਰਾਤ ਨੂੰ...ਅਤੇ, ਮੈਂ ਸੰਦੇਸ਼ ਰਿਕਾਰਡ ਕਰਨ ਵਾਲਿਆਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਸ਼ੁੱਕਰਵਾਰ ਦੀ ਰਾਤ ਨੂੰ ਸੰਦੇਸ਼ ਨਾ ਰਿਕਾਰਡ ਹੋਵੇ: *ਮੈਨੂੰ ਪਵਿੱਤਰ ਆਤਮਾਂ ਕਿਵੇਂ ਮਿਲੇ?* ਅਤੇ *ਮੈਨੂੰ ਕਿਵੇਂ ਪਤਾ ਚੱਲੇਗਾ ਕਿ ਮੈਨੂੰ ਇਹ ਮਿਲ ਗਿਆ ਹੈ?* ਅਤੇ ਫਿਰ ਅਸੀਂ ਵੇਖਾਂਗੇ ਕਿ ਸ਼ਨੀਵਾਰ ਅਤੇ

ਐਤਵਾਰ ਪ੍ਰਭੂ ਸਾਡੀ ਕੀ ਅਗੁਵਾਈ ਕਰਦਾ ਹੈ। ਅਤੇ ਐਤਵਾਰ ਦੀ ਸਵੇਰ ਨੂੰ, ਇੱਕ ਚੰਗਾਈ ਸਭਾ ਹੋਵੇਗੀ ਅਤੇ ਐਤਵਾਰ ਦੀ ਰਾਤ ਨੂੰ ਇੱਕ ਪ੍ਰਚਾਰ ਸੰਬੰਧੀ ਹੋਰ ਸੰਗਤ ਹੋਵੇਗੀ।

7 ਅਤੇ ਅਸੀਂ ਹੁਣ ਚਾਹੁੰਦੇ ਹਾਂ ਕਿ ਹਰ ਇੱਕ ਜਣਾ ਜਾਣ ਜਾਵੇ…ਅਤੇ ਮੈਂ ਜਾਣਦਾ ਹਾਂ ਕਿ ਪਿਛਲੇ ਕਮਰੇ ਵਿੱਚ ਰਿਕਾਰਡਰ ਚੱਲ ਰਹੇ ਹਨ, ਅਤੇ ਅਸੀਂ ਇਹ ਕਹਿਣਾ ਚਾਹੁੰਦੇ ਹਾਂ। ਕਿਉਂਕਿ ਇਸ ਤਰ੍ਹਾਂ ਦੀਆਂ ਸੰਗਤੀਆਂ ਵਿੱਚ, ਜਿਹੜੀਆਂ ਕਿ ਪ੍ਰਚਾਰ ਸੰਬੰਧੀ ਸੰਗਤੀਆਂ ਹਨ, ਸਾਡੀਆਂ ਇਹਨਾਂ ਸੰਗਤੀਆਂ ਵਿੱਚ ਵੱਖ ਵੱਖ ਮਿਸ਼ਨਾਂ ਵਿੱਚੋਂ ਲੋਕ ਆਉਂਦੇ ਹਨ। ਅਤੇ ਉਹਨਾਂ ਵਿੱਚੋਂ ਹਰ ਇੱਕ ਨੂੰ ਉਹਨਾਂ ਦੇ ਆਪਣੇ ਹੀ ਵਿਸ਼ਵਾਸ ਦੇ ਦਾਇਰੇ ਅੰਦਰ ਸਿੱਖਿਆ ਦਿੱਤੀ ਗਈ ਹੈ। ਅਤੇ ਇਹ ਠੀਕ ਹੈ। ਮੈਂ ਕਦੇ ਵੀ ਭਾਈਆਂ ਵਿੱਚ ਭਿੰਨਤਾ ਦਾ ਬੀਜ ਬੀਜਣਾ ਦਾ ਦੋਸ਼ੀ ਨਹੀਂ ਹੋਣਾ ਚਾਹੁੰਦਾ। ਅਤੇ ਮੈਂ ਆਪਣੀਆਂ ਬਾਹਰਲੀਆਂ ਸੰਗਤੀਆਂ ਵਿੱਚ ਵਚਨ ਦੀਆਂ ਉਹਨਾਂ ਪ੍ਰਚਾਰ ਸੰਬੰਧੀ ਸੱਚਾਈਆਂ ਤੇ ਹੀ ਪ੍ਰਚਾਰ ਕਰਦਾ ਹਾਂ, ਜਿਹਨਾਂ ਤੇ ਮੇਰੇ ਉਹ ਭਾਈ ਵਿਸ਼ਵਾਸ ਕਰਦੇ ਹਨ ਜਿਹਦੇ ਮੇਰੀਆਂ ਸੰਗਤੀਆਂ ਕਰਵਾਉਂਦੇ ਹਨ। ਪ੍ਰੰਤੂ ਇੱਥੇ ਮੈਂ—ਮੈਂ ਇਸ ਭਵਨ ਵਿੱਚ ਉਹ ਬੋਲਣਾ ਚਾਹੁੰਦਾ ਹਾਂ ਜਿਸ ਤੇ ਅਸੀਂ ਵਿਸ਼ਵਾਸ ਕਰਦੇ ਹਾਂ। ਇਸ ਲਈ ਜੋ—ਤੁਸੀਂ ਇਸਨੂੰ ਨਹੀਂ ਸਮਝਦੇ ਹੋ ਤਾਂ ਮੈਨੂੰ ਬਹੁਤ ਖੁਸ਼ੀ ਹੋਵੇਗੀ ਜੇ ਤੁਸੀਂ ਮੈਨੂੰ ਉਸ ਬਾਰੇ ਇੱਕ ਛੋਟਾ ਜਿਹਾ ਪੱਤਰ ਜਾਂ ਲੇਖ ਲਿਖ ਕੇ ਇਹ ਸਵਾਲ ਪੁੱਛੋ ਕਿ—ਕਿ ਅਸੀਂ ਕਿਉਂ ਇਸ ਦਾ ਵਿਸ਼ਵਾਸ ਕਰਦੇ ਹਾਂ। ਅਤੇ ਮੈਨੂੰ ਜੋ ਸੰਭਵ ਹੋ ਸਕਦਾ ਹੈ ਕੋਸ਼ਿਸ਼ ਕਰਕੇ ਤੁਹਾਨੂੰ ਸਮਝਾਉਣ ਵਿੱਚ ਖੁਸ਼ੀ ਹੋਵੇਗੀ।

8 ਤੁਸੀਂ ਜਾਣਦੇ ਹੋ, ਹਰੇਕ ਕਲੀਸੀਆ, ਜੇ ਤੁਹਾਡੇ ਕੋਲ ਕੋਈ ਸਿੱਖਿਆ ਨਹੀਂ ਹੈ ਤਾਂ ਤੁਸੀਂ ਇੱਕ ਕਲੀਸੀਆ ਨਹੀਂ ਹੋ। ਤੁਹਾਡੇ ਕੋਲ ਕੁਝ ਅਜਿਹਾ ਹੋਣਾ ਚਾਹੀਦਾ ਹੈ, ਜਿਸਦੇ ਸਿਧਾਂਤਾਂ ਲਈ ਤੁਸੀਂ ਖੜ੍ਹੇ ਹੋ ਸਕੋ, ਜਿਸਨੂੰ ਤੁਸੀਂ ਫੜ੍ਹੀ ਰੱਖ ਸਕੋ। ਮੈਨੂੰ ਇਸ ਨਾਲ ਕੋਈ ਮਤਲਬ ਨਹੀਂ ਹੈ ਕਿ ਕੋਈ ਵਿਅਕਤੀ ਕਿਸ ਵਿਅਕਤੀ ਜਾਂ ਸੰਸਥਾ ਵਿੱਚ ਹੈ ਜੇ ਉਹ ਵਿਅਕਤੀ ਪਰਮੇਸ਼ਵਰ ਦੇ ਆਤਮਾ ਤੋਂ ਜਨਮ ਪਾਇਆ ਹੈ, ਜਾਂ ਉਹ ਮੇਰਾ ਭਾਈ ਜਾਂ ਉਹ ਮੇਰੀ ਭੈਣ ਹੈ, ਕੋਈ ਪ੍ਰਵਾਹ ਨਹੀਂ…ਹੋ ਸਕਦਾ ਹੈ, ਅਸੀਂ ਦੂਸਰੀਆਂ ਗੱਲਾਂ ਵਿੱਚ ਇੱਕ ਦੂਸਰੇ ਨਾਲੋਂ ਇੰਨਾ ਵੱਖ ਹੋਈਏ ਜਿਨ੍ਹਾਂ ਕਿ ਪੂਰਬ ਤੋਂ ਪੱਛਮ ਦੂਰ ਹੈ, ਪ੍ਰੰਤੂ ਇਸ ਦੇ ਬਾਵਜੂਦ ਵੀ ਅਸੀਂ ਭਾਈ ਹਾਂ। ਮੈਂ ਕੁਝ ਨਹੀਂ ਕਰਾਂਗਾ, ਪ੍ਰੰਤੂ ਮੈਂ ਤਾਂ ਉਸ ਭਾਈ ਦੀ ਮੱਦਦ ਕਰਨ ਦੀ ਕੋਸ਼ਿਸ਼ ਕਰਾਂਗਾ ਤਾਂ ਕਿ ਉਹ ਮਸੀਹ ਦੇ ਨਜਦੀਕ ਆ ਸਕੇ, ਤਾਂ ਕਿ ਉਹ ਮਸੀਹ ਦੇ ਨਾਲ ਹੋਰ ਠੀਕ ਢੰਗ ਨਾਲ ਚੱਲ ਸਕੇ, ਅਤੇ ਮੇਰਾ ਵਿਸ਼ਵਾਸ ਹੈ ਕਿ ਕੋਈ ਵੀ ਸੱਚਾ ਅਸਲੀ ਮਸੀਹੀ ਮੇਰੇ ਲਈ ਬਿਲਕੁਲ

ਇਹ ਹੀ ਕਰੇਗਾ।

9 ਹੁਣ ਮੈਂ ਇਸ ਭਵਨ ਦੇ ਲੋਕਾਂ ਨੂੰ ਕਿਹਾ ਸੀ...ਹੁਣ, ਅਸੀਂ ਸੰਗਤੀਆਂ ਵਿਚ ਇਸ ਤਰਾਂ ਜੀ ਨਹੀਂ ਜਾਣ ਚਾਹੁੰਦੇ ਕਿ ਸਭਾਵਾਂ ਚੱਲ ਰਹੀਆਂ ਹਨ। ਮੈਂ ਇਸ ਵਿੱਚ ਇਸ ਤਰ੍ਹਾਂ ਪ੍ਰਵੇਸ਼ ਕਰਨਾ ਚਾਹੁੰਦਾ ਹਾਂ, ਅਤੇ ਮੈਂ ਤੁਹਾਡੇ ਕੋਲੋਂ ਚਾਹੁੰਦਾ ਹਾਂ, ਅਤੇ ਮੈਂ ਤੁਹਾਨੂੰ ਕਿਹਾ ਵੀ ਸੀ, ਤੁਸੀਂ ਹਰੇਕ ਉਸ ਪੁਲ ਨੂੰ ਜੋ ਤੁਹਾਡੇ ਪਿੱਛੇ ਹੈ ਸਾੜ ਸੁੱਟੋ, ਅਤੇ ਆਪਣਾ ਹਰ ਇਕ ਪਾਪ ਸ਼ੁੱਧ ਕਰ ਲਵੋ, ਅਤੇ ਅਸੀਂ ਇਸ ਵਿੱਚ ਆਪਣੇ ਪੂਰੇ ਹਿਰਦੇ ਅਤੇ ਆਪਣੇ ਜੀਵਨ ਨਾਲ ਆ ਰਹੇ ਹਾਂ। ਕਿਉਂਕਿ ਅਸੀਂ ਪ੍ਰਭੂ ਦੀ ਆਮਦ ਲਈ ਆਪਣੇ ਪ੍ਰਾਣਾਂ ਨੂੰ ਤਿਆਰ ਕਰੀਏ, ਅਤੇ ਸਾਡਾ ਇੱਥੇ ਆਉਣ ਦਾ ਕੋਈ ਹੋਰ ਦੂਸਰਾ ਮਕਸਦ ਨਹੀਂ ਹੋਣਾ ਚਾਹੀਦਾ ਹੈ। ਅਤੇ ਜਿਵੇਂ ਕਿ ਮੈਂ ਕਿਹਾ, ਹੋ ਸਕਦਾ ਹੈ ਕਿ ਮੈਂ ਕਿਸੇ ਵੇਲੇ ਕਿਸੇ ਉਸ ਗੱਲ ਦੀ ਸਿੱਖਿਆ ਦੇਵਾਂ ਜਾਂ ਕੋਈ ਅਜਿਹੀ ਗੱਲ ਕਹਾਂ ਜੋ ਹੋ ਸਕਦਾ ਹੈ ਦੂਸਰੇ ਤੋਂ ਅਲੱਗ ਹੋਵੇ, ਉਸ ਤੋਂ ਭਿੰਨ ਹੋਵੇ ਜਿਸ ਤਰ੍ਹਾਂ ਕਿ ਉਹ ਇਸਦਾ ਵਿਸ਼ਵਾਸ ਕਰਦਾ ਹੈ। ਤੁਸੀਂ ਵੇਖੋ ਕਿ ਮੈਂ ਇੱਥੇ ਕਿਸੇ ਤਰ੍ਹਾਂ ਦਾ ਵਾਦ ਵਿਵਾਦ ਕਰਨ ਨਹੀਂ ਆਇਆ ਹਾਂ, ਮੈਂ—ਮੈਂ ਆਇਆ ਹਾਂ...ਅਸੀਂ ਤਾਂ ਇੱਥੇ ਆਪਣੇ ਆਪ ਨੂੰ ਪ੍ਰਭੂ ਦੀ ਆਮਦ ਲਈ ਤਿਆਰ ਕਰਨ ਲਈ ਆਏ ਹਾਂ। ਅਤੇ ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਛੋਟਾ ਜਿਹਾ ਝੁੰਡ...

10 ਮੈਂ ਜਾਣਦਾ ਹਾਂ ਕਿ ਇੱਥੇ ਮੇਰੇ ਕੁਝ ਦੋਸਤ ਅਲੱਗ ਅਲੱਗ ਥਾਵਾਂ ਤੋਂ ਮੇਰੇ ਨਾਲ ਮੁਲਾਕਾਤ ਕਰਨ ਲਈ ਆਏ ਹਨ, ਅਤੇ ਅਸੀਂ ਉਹਨਾਂ ਲਈ ਖੁਸ਼ ਹਾਂ। ਅਤੇ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇੱਥੇ ਸਰੋਤਿਆਂ ਵਿੱਚੋਂ ਬਹੁਤ ਸਾਰੇ ਦੂਜੇ ਲੋਕ ਹਨ ਜੋ ਇਸ ਸ਼ਹਿਰ ਤੋਂ ਬਾਹਰ ਦੇ ਹਨ ਅਤੇ ਉਹ ਉਹਨਾਂ ਛੋਟੇ ਛੋਟੇ ਸ਼ਹਿਰਾਂ ਵਿੱਚੋਂ ਆਏ ਹਨ ਜੋ ਇਸ ਜਗ੍ਹਾ ਦੇ ਆਸ ਪਾਸ ਹਨ। ਅਤੇ ਅਸੀਂ ਤੁਹਾਡੀ ਪ੍ਰਸ਼ੰਸਾ ਕਰਦੇ ਹਾਂ ਅਤੇ ਤੁਹਾਨੂੰ ਇੱਥੇ ਵੇਖ ਕੇ ਖੁਸ਼ ਹਾਂ ਜੋ ਤੁਸੀਂ ਇਹਨਾਂ ਗੱਲਾਂ ਨੂੰ ਇੱਥੇ ਆ ਕੇ ਸੁਣਦੇ ਹੋ, ਅਤੇ ਸਾਨੂੰ ਪਿਆਰ ਕਰਦੇ ਹੋ। ਪਰਮੇਸ਼ਵਰ ...ਮੇਰੇ ਭਾਇਓ ਅਤੇ ਭੈਣੋ ਅਜਿਹਾ ਹੋਵੇ ਕਿ ਤੁਸੀਂ ਉਹਨਾਂ ਮਹਾਨ ਬਰਕਤਾਂ ਨੂੰ ਆਪਣੇ ਨਾਲ ਘਰ ਲਈ ਕੇ ਜਾਉ ਜਿਹਨਾਂ ਨੂੰ ਪਰਮੇਸ਼ਵਰ ਤੁਹਾਡੇ ਅੰਦਰ ਭਰ ਸਕਦਾ ਹੈ, ਮੇਰੀ ਇਹੀ ਦੁਆ ਹੈ।

11 ਅਤੇ ਇਸ ਛੋਟੇ ਭਵਨ ਨੂੰ ਵੇਖ ਕੇ ਮੈਂ ਸੋਚ ਸਕਦਾ ਹਾਂ ਕਿ ਇਹ ਸੰਸਾਰ ਦੇ ਸਭ ਤੋਂ ਚੰਗੇ ਲੋਕ ਹਨ ਜੋ ਇੱਥੇ ਇਸ ਭਵਨ ਵਿੱਚ ਆਉਂਦੇ ਹਨ, ਹੁਣ ਵੇਖੋ ਮੈਂ ਕਦੇ ਵੀ ਇਹ ਨਹੀਂ ਕਿਹਾ ਕਿ ਇੱਥੇ ਆਉਣ ਵਾਲੇ "ਸਾਰੇ" ਲੋਕ ਚੰਗੇ ਸਨ, ਮੈਂ ਕਿਹਾ ਕਿ ਦੁਨੀਆ ਦੇ ਕੁਝ ਚੰਗੇ ਲੋਕ ਇੱਥੇ ਆਉਂਦੇ ਹਨ। ਪ੍ਰੰਤੂ ਦਿਨ ਪ੍ਰਤੀ ਦਿਨ ਇੱਕ ਸੰਗਤ ਤੋਂ ਦੂਸਰੀ ਸੰਗਤ ਦੇ ਵਿੱਚ ਵਾਪਸ ਦਾਖਲ ਹੁੰਦੇ ਹਨ, ਮੈਂ

ਵੇਖਿਆ ਸੀ ਕਿ ਇਸ ਭਵਨ ਦੀ ਖਾਸ ਜਰੂਰਤ ਹੈ, ਇਹ ਇੱਕ ਬਹੁਤ ਹੀ ਵੱਡੀ ਜਰੂਰਤ ਵਿੱਚ ਹੈ ਕਿ ਇਹ ਭਰ ਜਾਵੇ ਜਾਂ ਖੁਦਾ ਦੇ ਨਾਲ ਬਹੁਤ ਨੇੜਤਾ ਵਿੱਚ ਚੱਲਣ ਲਈ ਇਸਦਾ ਜੀਵਨ ਪੂਰੀ ਤਰ੍ਹਾਂ ਨਾਲ ਖੁਦਾ ਨੂੰ ਅਰਪਣ ਹੋਵੇ। ਅਤੇ ਮੈਂ ਉਹਨਾਂ ਨਾਲ ਇਹ ਕਰਨ ਦਾ ਵਾਇਦਾ ਕੀਤਾ ਹੈ, ਕਿ ਇਹ ਸੰਦੇਸ਼ ਉਹਨਾਂ ਨੂੰ ਦੇਵਾਂ ਅਤੇ ਅਸੀਂ ਤੁਹਾਨੂੰ ਅੰਦਰ ਲਿਆਉਣ ਲਈ ਅਤੇ ਤੁਹਾਡੀ ਆਪਣੇ ਨਾਲ ਪਰਮੇਸ਼ਵਰ ਦੇ ਵਚਨ ਦੇ ਦੁਆਲੇ ਸੰਗਤ ਕਰਵਾਉਣ ਲਈ ਖੁਸ਼ ਹਾਂ, ਜਦੋਂ ਕਿ ਅਸੀਂ ਸਿੱਖਿਆ ਅਤੇ ਵਚਨ ਸੁਣਾਉਣ ਦਾ ਯਤਨ ਕਰਦੇ ਹਾਂ।

12 ਹੁਣ, ਪਹਿਲੀਆਂ ਤਿੰਨ ਰਾਤਾਂ ਤਕ ਅਸੀਂ ਅਜਿਹਾ ਵਿਸ਼ਾ ਨਹੀਂ ਲਵਾਂਗੇ ਜਿਸ ਤੇ ਅਸੀਂ ਪ੍ਰਚਾਰ ਕਰੀਏ। ਪਰੰਤੂ ਅਸੀਂ ਇੱਕ ਸੰਦੇਸ਼ ਲਵਾਂਗੇ, ਜਿਸ ਵਿੱਚੋਂ ਵਚਨ ਦੀ ਸਿੱਖਿਆ ਲਈਏ।

ਅਤੇ ਹੁਣ, ਮੈਂ ਕਿਸੇ ਵੀ ਮਨੁੱਖ ਨੂੰ ਉਹ ਕਰਨ ਲਈ ਨਹੀਂ ਕਹਾਂਗਾ ਜੋ ਮੈਂ ਆਪ ਨਹੀਂ ਕਰਦਾ ਅਤੇ ਇਹ ਹਫਤਾ ਮੇਰੇ ਲਈ ਪੂਰੀ ਤਰ੍ਹਾਂ ਕਲਵਰੀ ਰਿਹਾ ਹੈ। ਮੈਂ ਇੰਨਾ—ਇੰਨਾ ਨੇੜੇ ਸੀ ਕਿ ਗੁੰਮ ਹੋ ਗਿਆ ਸੀ, ਜਿਵੇਂ ਮੈਂ ਇਸਨੂੰ ਰੱਖਾਂਗਾ ਜਦ ਤਕ ਕਿ ਮੈਂ ਆਪਣੇ ਆਪ ਵਿੱਚੋਂ ਬਾਹਰ ਨਹੀਂ ਹੋ ਗਿਆ ਸੀ। ਪ੍ਰੰਤੂ ਮੈਂ ਹਰ ਇੱਕ ਖੁਆਹਿਸ਼ ਨੂੰ ਜੋ ਜਾਣਦਾ ਹਾਂ ਪੂਰੇ ਤੌਰ ਤੇ ਪ੍ਰਭੂ ਨੂੰ ਸਮਰਪਿਤ ਕਰ ਦਿੱਤਾ।

13 ਕਿਸੇ ਦੂਸਰੀ ਰਾਤ ਅੱਧੀ ਰਾਤ ਦੇ ਥੋੜ੍ਹੀ ਦੇਰ ਬਾਅਦ ਮੈਂ ਅਤੇ ਮੇਰੀ ਪਤਨੀ ਨੇ ਥੋੜੀ ਦੇਰ ਬੈਠਣ ਅਤੇ ਪ੍ਰਾਰਥਨਾ ਅਤੇ ਪ੍ਰਭੂ ਨਾਲ ਗੱਲਬਾਤ ਕਰਨ ਤੋਂ ਬਾਅਦ ਆਪਣੇ ਸਾਹਮਣੇ ਵਾਲੇ ਕਮਰੇ ਵਿੱਚ ਇੱਕ ਛੋਟੇ ਜਿਹੇ ਬੈਂਚ ਤੇ ਬੈਠ ਕੇ...ਦੋ ਖੁੱਲੀਆਂ ਹੋਈਆਂ ਬਾਇਬਲਾਂ, ਦੇ ਸਾਹਮਣੇ ਆਪਣੇ ਆਪ ਨੂੰ ਪਰਮੇਸ਼ਵਰ ਦੀ ਸੰਪੂਰਨ ਸੇਵਕਾਈ ਲਈ ਨਵੇਂ ਸਿਰੇ ਤੋਂ ਸਮਰਪਿਤ ਕੀਤਾ, ਅਤੇ ਅਸੀਂ ਆਪਣੀਆਂ ਇੱਛਾਵਾਂ ਅਤੇ ਆਪਣੀਆਂ ਸਾਰੀਆਂ ਗੱਲਾਂ ਅਤੇ ਆਪਣੇ ਸਭ ਨਕਾਰਾਤਮਕ ਵਿਚਾਰਾਂ ਨੂੰ ਛੱਡ ਕੇ ਪ੍ਰਭੂ ਯਿਸੂ ਮਸੀਹ ਦੀ ਸੇਵਾ ਲਈ ਸਮਰਪਣ ਕਰਾਂਗੇ।

ਅਤੇ ਮੈਨੂੰ ਯਕੀਨ ਹੈ ਕਿ ਤੁਹਾਡਾ ਰਵਿਆ ਵੀ ਇਹੋ ਹੀ ਹੈ ਤੁਸੀਂ ਵੀ ਇਹੋ ਹੀ ਕੰਮ ਕੀਤਾ ਹੈ। ਅੱਜ ਰਾਤ ਜਦੋਂ ਅਸੀਂ ਆ ਰਹੇ ਹਾਂ, ਅਸੀਂ ਉਹਨਾਂ ਲੋਕਾਂ ਦੇ ਵਿਚਕਾਰ ਆ ਰਹੇ ਹਾਂ, ਜੋ ਦੁਆ ਕਰਦੇ ਰੋਜੇ ਰੱਖਦੇ ਅਤੇ ਆਪਣੇ ਆਪ ਨੂੰ ਸੁਧਾਰ ਰਹੇ ਹਨ ਅਤੇ ਆਪਣੇ ਆਪ ਨੂੰ ਪਰਮੇਸ਼ਵਰ ਕੋਲੋਂ ਕੁਝ ਪ੍ਰਾਪਤ ਕਰਨ ਲਈ ਤਿਆਰ ਕਰ ਰਹੇ ਹਨ ਅਤੇ ਮੈਂ ਜਾਣਦਾ ਹਾਂ ਉਹ ਜਿਹੜਾ ਭੁੱਖਾ ਆਵੇਗਾ, ਭੁੱਖਾ ਵਾਪਿਸ ਨਹੀਂ ਜਾਵੇਗਾ ਪ੍ਰੰਤੂ ਖੁਦਾ ਉਸਨੂੰ ਜੀਵਨ ਦੀ ਰੋਟੀ ਨਾਲ ਰਜਾਵੇਗਾ।

14 ਹੁਣ ਇਸ ਤੋਂ ਪਹਿਲਾਂ ਕਿ ਅਸੀਂ ਉਸਦੀ ਪਵਿੱਤਰ ਪੁਸਤਕ ਵਿੱਚੋਂ ਪੜ੍ਹੀਏ, ਆਓ ਅਸੀਂ ਕੁਝ ਪਲਾਂ ਲਈ ਆਪਣੇ ਸਿਰਾਂ ਨੂੰ ਪ੍ਰਾਰਥਨਾ ਵਿੱਚ ਝੁਕਾਈਏ।

15 ਪ੍ਰਭੂ, ਅੱਜ ਰਾਤ ਇੱਥੇ ਪਹਿਲਾਂ ਹੀ ਪ੍ਰਾਰਥਨਾ ਕੀਤੀ ਗਈ ਹੈ। ਇਸ ਜਗ੍ਹਾ...ਤੇਰੇ ਬੱਚਿਆਂ ਨੇ ਸਿਯੋਨ ਦੇ ਗੀਤ ਗਾਏ ਹਨ। ਉਹਨਾਂ ਦੇ ਹਿਰਦੇ ਉੱਪਰ ਉੱਠੇ ਹੋਏ ਹਨ। ਅਤੇ ਇਸ ਜਗ੍ਹਾ ਤੇ ਆਪਣੇ ਆਪ ਨੂੰ ਤੇਰੇ ਧਿਆਨ ਕਰਨ, ਅਤੇ ਆਪਣੇ ਦਿਲਾਂ ਦੀ ਗਹਿਰਾਈ ਤੋਂ ਤੇਰੀ ਭਗਤੀ ਕਰਨ ਆਏ ਹਾਂ। ਅਤੇ ਅਸੀਂ ਪ੍ਰਭੂ ਤੇਰੀ ਯਾਦ ਵਿੱਚ ਇਹ ਕਹਿ ਰਹੇ ਹਾਂ ਕਿ ਜਦੋਂ ਤੂੰ ਪਹਾੜ ਤੇ ਬੈਠਾ ਅਤੇ ਆਪਣਿਆਂ ਚੇਲਿਆਂ ਨੂੰ ਸਿਖਾਇਆ ਸੀ, “ਧੰਨ ਹਨ ਉਹ ਜੋ ਧਰਮ ਦੇ ਭੁੱਖੇ ਤੇ ਪਿਆਸੇ ਹਨ, ਕਿਉਂਕਿ ਉਹ ਤ੍ਰਿਪਤ ਕੀਤੇ ਜਾਣਗੇ”। ਪ੍ਰਭੂ ਤੂੰ ਇਸਦਾ ਵਾਦਾ ਕੀਤਾ ਹੈ। ਅੱਜ ਰਾਤ ਅਸੀਂ ਤੇਰੇ ਕੋਲ ਆਪਣੇ ਖੁੱਲ੍ਹੇ ਹੋਏ ਦਿਲ ਨਾਲ ਆ ਰਹੇ ਹਾਂ, ਅਸੀਂ ਭੁੱਖੇ ਤੇ ਪਿਆਸੇ ਤੇਰੇ ਕੋਲ ਆ ਰਹੇ ਹਾਂ, ਅਤੇ ਅਸੀਂ ਜਾਣਦੇ ਹਾਂ ਕਿ ਤੂੰ ਆਪਣਾ ਵਾਦਾ ਪੂਰਾ ਕਾਰੇਂਗਾ।

16 ਜਦ ਕਿ ਅਸੀਂ ਬਾਈਬਲ ਦੇ ਇਨ੍ਹਾਂ ਪਵਿੱਤਰ ਪੰਨਿਆਂ ਨੂੰ ਖੋਲ੍ਹਣ ਦਾ ਯਤਨ ਕਰਦੇ ਹਾਂ, ਕਿ ਇਸ ਵਿੱਚੋਂ ਵਿਸ਼ੇ ਨੂੰ ਪੜ੍ਹੀਏ, ਅਜਿਹਾ ਹੋਵੇ ਕਿ ਪਵਿੱਤਰ ਆਤਮਾ ਇਸ ਨੂੰ ਹਰੇਕ ਦਿਲ ਵਿੱਚ ਲੈ ਕੇ ਆਵੇ ਅਤੇ ਇਹੋ ਬੀਜ ਦਿਲ ਦੀ ਡੂੰਗਿਆਈ ਵਿੱਚ ਡਿੱਗੇ, ਅਤੇ ਬਹੁਤ ਵਿਸ਼ਵਾਸ ਹਰੇਕ ਉਸ ਵਾਅਦੇ ਨੂੰ ਜਿਸਦਾ ਵਚਨ ਨੇ ਵਾਦਾ ਕੀਤਾ ਹੈ ਪੂਰਾ ਕਰੇ। ਪ੍ਰਭੂ ਸਾਡੀ ਸੁਣ, ਸਾਨੂੰ ਸ਼ੁੱਧ ਕਰ ਅਤੇ ਸਾਨੂੰ ਪਰਖ। ਪ੍ਰਭੂ ਜੇ ਸਾਡੇ ਵਿੱਚ ਕੋਈ ਅਸ਼ੁੱਧ ਚੀਜ ਹੈ, ਕੋਈ ਇਕਰਾਰ ਨਹੀਂ ਕੀਤਾ ਹੋਇਆ ਪਾਪ ਹੈ, ਕੋਈ ਅਜਿਹੀ ਗੱਲ ਜਿਹੜੀ ਠੀਕ ਨਹੀਂ ਹੈ, ਪ੍ਰਭੂ ਸਾਡੇ ਉੱਤੇ ਇਸੇ ਵੇਲੇ ਪ੍ਰਗਟ ਕਰ, ਅਤੇ ਅਸੀਂ ਬਿਲਕੁਲ ਸਿੱਧੇ ਚਲਾਂਗੇ ਅਤੇ ਇਸਨੂੰ ਠੀਕ ਕਰਾਂਗੇ, ਕਿਉਂਕਿ ਅਸੀਂ ਮਹਿਸੂਸ ਕਰਦੇ ਹਾਂ ਕਿ ਅਸੀਂ ਪ੍ਰਭੂ ਦੀ ਆਮਦ ਦੀ ਛਾਂ ਹੇਠ ਰਹਿ ਰਹੇ ਹਾਂ। ਹੇ ਪਵਿੱਤਰ ਪਰਮੇਸ਼ਵਰ ਅਸੀਂ ਅੱਜ ਰਾਤ ਤੇਰੇ ਨਿਆਂ ਦੀ ਛਾਂ ਹੇਠ ਆਏ ਹਾਂ, ਅਤੇ ਅਸੀਂ ਆਪਣੇ ਜੀਵਨਾ ਨੂੰ ਨਵੇਂ ਸਿਰੇ ਤੋਂ ਤੈਨੂੰ ਅਰਪਣ ਕਰਨ ਅਤੇ ਆਪਣਿਆਂ ਜੀਵਣਾਂ ਨੂੰ ਪਵਿੱਤਰ ਆਤਮ ਨਾਲ ਭਰਨ ਆਏ ਹਾਂ।

17 ਇਹ ਵੇਖਦੇ ਹੋਏ ਕਿ ਬੇਦਾਰੀ ਦੀ ਅੱਗ ਠੰਡੀ ਪੈ ਰਹੀ ਹੈ, ਆਓ ਅਸੀਂ ਉਸ ਵਿੱਚ ਵਚਨ ਦੀਆਂ ਲੱਕੜਾਂ ਸੁੱਟੀਏ, ਤਾਂ ਕਿ ਇਹ ਇੱਕ ਨਵੇਂ ਅੱਗ ਨੂੰ ਜਲਾਵੇ ਤਾਂ ਕਿ ਸਾਡੇ ਦਿਲ ਜੋਸ਼ ਨਾਲ ਭਰ ਜਾਣ। ਪ੍ਰਭੂ, ਅਸੀਂ ਬੇਨਤੀ ਕਰਦੇ ਹਾਂ ਕਿ ਆਪਣੇ ਅਨਮੋਲ ਵਚਨ ਦੁਆਰਾ ਆਪਣੇ ਲਹੂ ਅਤੇ ਆਪਣੀ ਕਿਰਪਾ ਨਾਲ ਪਵਿੱਤਰ ਕਰ ਅਤੇ ਸਾਰਾ ਧੰਨਵਾਦ ਅਤੇ ਸਾਰੀ ਮਹਿਮਾ ਤੇਰੀ ਹੋਵੇ। ਸਾਡੇ ਦਿਲਾਂ ਵਿੱਚੋਂ ਸਾਰੀ ਈਰਖਾ ਨੂੰ ਲਾਂਭੇ ਕਰ। ਹੇ ਪ੍ਰਭੂ ਸਾਨੂੰ ਸਾਫ ਕਰ।

ਸਾਨੂੰ ਸ਼ੁੱਧ ਦਿਲ ਅਤੇ ਸ਼ੁੱਧ ਹੱਥ ਅਤੇ ਸ਼ੁੱਧ ਮਨ ਬਖਸ਼ ਦੇ ਤਾਂ ਕਿ ਅਸੀਂ ਤੇਰੀ ਪਵਿੱਤਰ ਹਜ਼ੂਰੀ ਵਿੱਚ ਇੱਕ ਰਾਤ ਤੋਂ ਬਾਅਦ ਦੂਸਰੀ ਰਾਤ ਆਨੰਦ ਮਨਾਉਂਦੇ ਹੋਏ ਅਤੇ ਆਤਮ ਨਾਲ ਭਰ ਕੇ ਆਈਏ। ਅਸੀਂ ਇਹ ਦੁਆ ਯਿਸੂ ਲਈ ਅਤੇ ਉਸਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

18 ਹੁਣ ਮੈਂ ਵਚਨ ਨੂੰ ਪੜ੍ਹਨਾ ਚਾਹੁੰਦਾ ਹਾਂ, ਜਦੋਂ ਕਿ...ਮੈਂ ਤੁਹਾਨੂੰ ਆਪਣੀ ਬਾਈਬਲ, ਅਤੇ ਪੈਨਸਿਲ ਅਤੇ ਪੇਪਰ, ਬਾਈਬਲ ਦੀਆਂ ਆਇਤਾਂ ਨੂੰ ਲਿਖਣ ਲਈ ਕਹਿ ਰਿਹਾ ਹਾਂ, ਜੇ ਤੁਸੀਂ ਇਸ ਤਰ੍ਹਾਂ ਕਰਨ ਚਾਹੁੰਦੇ ਹੋ ਤਾਂ ਇਹ ਬਹੁਤ ਹੀ ਚੰਗਾ ਹੋਵੇਗਾ। ਅਤੇ ਮੈਂ ਅਤੇ ਹੁਣ ਅਸੀਂ ਇਸ ਪ੍ਰਸ਼ਨ ਦੇ ਉੱਤਰ ਲਈ ਰਸੂਲਾਂ ਦੇ ਕਰਤਬ 7 ਬਾਬ ਦੇ ਸ਼ੁਰੂ ਤੋਂ ਹੀ ਪੜ੍ਹਾਂਗੇ; ਅਤੇ ਇਸ ਪ੍ਰਸ਼ਨ ਦੇ ਜਵਾਬ ਲਈ ਕਿ: *ਪਵਿੱਤਰ ਆਤਮਾ ਕੀ ਹੈ?*

19 ਕੁਝ ਵੀ ਅਜਿਹਾ ਨਹੀਂ ਹੈ ਜੋ ਸ਼ੈਤਾਨ ਨੂੰ ਹਰਾਵੇ, ਧਰਤੀ ਤੇ ਕੁਝ ਅਜਿਹਾ ਨਹੀਂ ਹੋਵੇਗਾ ਜੋ ਸ਼ੈਤਾਨ ਨੂੰ ਹਰਾਏਗਾ, ਜਿਵੇਂ ਕਿ ਵਚਨ ਹਰਾਉਂਦਾ ਹੈ। ਪ੍ਰਭੂ ਯਿਸੂ ਨੇ ਆਪਣੇ ਮਹਾਨ ਯੁੱਧ ਵਿੱਚ ਵਚਨ ਨੂੰ ਹੀ ਇਸਤੇਮਾਲ ਕੀਤਾ ਸੀ; ਉਸਨੇ ਕਿਹਾ, "ਇਹ ਲਿਖਿਆ ਹੋਇਆ ਹੈ..."

20 ਕੁਝ ਸਮਾਂ ਪਹਿਲਾਂ ਮੈਂ ਰੇਡੀਓ ਉੱਤੇ ਪ੍ਰਸਾਰਣ ਹੋ ਰਹੇ ਇੱਕ ਪ੍ਰੋਗਰਾਮ ਨੂੰ ਸੁਣ ਰਿਹਾ ਸੀ, ਜਿਸਦੇ ਬਾਰੇ ਵਿੱਚ ਇੰਝ ਲੱਗਦਾ ਸੀ ਜਿਵੇਂ ਇਹ ਦੱਸਣਾ ਚਾਹ ਰਿਹਾ ਸੀ ਕਿ ਰਚਨਾ ਕੁਝ ਵਸਤਾਂ ਦੀ ਰਾਖ ਦੇ ਇਕੱਠੇ ਹੋਣ ਨਾਲ ਹੋਈ ਹੈ, ਅਤੇ ਕੁਝ ਫਸਫੇਟ, ਅਤੇ ਧਰਤੀ ਦੇ ਕੁਝ ਰਸਾਇਣ ਇਕੱਠੇ ਹੋਏ ਅਤੇ ਸੂਰਜ ਦੇ ਤਾਪ ਜੀਵਨ ਦੇ ਜਰਮ ਨੂੰ ਉਤਪਤ ਕੀਤਾ। ਕਿੰਨੀ ਮੂਰਖਤਾ ਵਾਲੀ ਗੱਲ ਹੈ! ਜਦੋਂ ਕਿ ਸੂਰਜ ਦੀ ਗਰਮੀ ਨਾਲ ਕਿਸੇ ਵੀ ਜੀਵਨ ਦੇ ਜਰਮ ਦੇ ਜਨਮ ਨੂੰ ਮਾਰ ਦਿੰਦੀ ਹੈ। ਕਿਸੇ ਜਰਮ ਨੂੰ ਬਾਹਰ ਸੂਰਜ ਦੀ ਧੁੱਪ ਵਿੱਚ ਰੱਖੋ ਅਤੇ ਇਹ ਇਸਨੂੰ ਉਸੇ ਸਮੇਂ ਮਾਰ ਦੇਵੇਗੀ। ਅਸਲ ਵਿੱਚ ਇਸ ਤਰ੍ਹਾਂ ਕੁਝ ਵੀ ਨਹੀਂ ਹੈ। ਪਰੰਤੂ ਸ਼ੈਤਾਨ ਮੇਰੇ ਉੱਤੇ ਵਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਅਤੇ ਅੱਜ ਸਵੇਰੇ ਆਪਣੀ ਬੇਟੀ ਰੀਬਕਾਹ ਨੂੰ ਸਕੂਲ ਛੱਡਣ ਤੋਂ ਬਾਅਦ ਵਾਪਿਸ ਆਉਂਦੇ ਸਮੇਂ ਮੈਂ ਫਿਰ ਰੇਡੀਓ ਚਲਾਇਆ। ਅਤੇ ਮੈਂ ਸੋਚਿਆ ਕਿ ਮੈਂ ਫਿਰ ਫਾਲਤੂ ਦੀ ਸੋਚ ਵਿਚਾਰ ਵਿੱਚ ਪੈ ਜਾਵਾਂਗਾ, ਇਸ ਲਈ ਮੈਂ ਰੇਡੀਓ ਬੰਦ ਕਰ ਦਿੱਤਾ।

ਅਤੇ ਜਦੋਂ ਮੈਂ ਗਲੀ ਵਿੱਚ ਜਾ ਰਿਹਾ ਸੀ, ਸ਼ੈਤਾਨ ਨੇ ਮੈਨੂੰ ਕਿਹਾ, ਉਸਨੇ ਕਿਹਾ, "ਕੀ ਤੂੰ ਜਾਣਦਾ ਹੈਂ ਕਿ ਉਹ ਮਨੁੱਖ ਜਿਸਨੂੰ ਤੂੰ ਯਿਸੂ ਕਹਿੰਦਾ ਹੈਂ ਉਹ ਤਾਂ ਆਪਣੇ ਦਿਨਾਂ ਵਿੱਚ ਇੱਕ ਸਧਾਰਨ ਮਨੁੱਖ ਵਰਗਾ ਹੀ ਸੀ ਜਿਵੇਂ ਕਿ ਬਿੱਲੀ ਗ੍ਰਾਹਮ ਅਤੇ ਔਰਲ ਰੋਬਰਟ ਹਨ। ਉਹ ਤਾਂ ਇੱਕ ਸਧਾਰਨ ਵਿਅਕਤੀ

ਸੀ ਜਿਸਦੇ ਦੁਆਲੇ ਕੁਝ ਲੋਕ ਇਕੱਠੇ ਹੋਣ ਲੱਗ ਪਏ ਸਨ ਅਤੇ ਉਸਨੂੰ ਇੱਕ ਮਹਾਨ ਵਿਅਕਤੀ ਕਹਿਣ ਲੱਗ ਪਏ ਸਨ। ਅਤੇ ਕੁਝ ਸਮੇਂ ਬਾਅਦ ਉਹ ਹੋਰ ਮਹਾਨ ਹੋ ਗਿਆ ਅਤੇ ਫਿਰ ਉਹ ਉਹਨਾਂ ਲਈ ਇੱਕ—ਇੱਕ ਪਰਮੇਸ਼ਵਰ ਬਣ ਗਿਆ ਅਤੇ ਹੁਣ ਉਸਦੀ ਮੌਤ ਤੋਂ ਬਾਅਦ ਇਹ ਗੱਲ ਸਾਰੀ ਦੁਨੀਆ ਵਿੱਚ ਫੈਲ ਗਈ, ਬਸ ਇੰਨੀ ਕੁ ਹੀ ਗੱਲ ਸੀ"।

21 ਅਤੇ ਮੈਂ ਸੋਚਿਆ, "ਤੂੰ ਕਿੰਨਾਂ ਝੂਠਾ ਹੈਂ!" ਅਤੇ ਫਿਰ ਜਦੋਂ ਮੈਂ ਗ੍ਰਾਹਮ ਨਾਮ ਦੀ ਗਲੀ ਵਿੱਚੋਂ ਲੰਘ ਰਿਹਾ ਸੀ ਤਾਂ ਮੈਂ ਮੁੜਿਆ ਅਤੇ ਮੈਂ ਕਿਹਾ "ਸ਼ੈਤਾਨ, ਤੂੰ ਜਿਹੜਾ ਮੇਰੀ ਚੇਤਨਾ ਨਾਲ ਗੱਲ ਕਰ ਰਿਹਾ ਹੈਂ ਮੈਂ ਤੇਰੇ ਕੋਲੋਂ ਕੁਝ ਗੱਲਾਂ ਪੁੱਛਣਾ ਚਾਹੁੰਦਾ ਹਾਂ। ਉਹ ਕੌਣ ਸੀ ਜਿਸਦੇ ਬਾਰੇ ਇਬ੍ਰਾਨੀ ਨਬੀਆਂ ਨੇ ਕਿਹਾ ਕਿ ਉਹ ਆਏਗਾ? ਉਹ ਮਸਹ ਕੀਤਾ ਹੋਇਆ ਮਸੀਹ ਕੌਣ ਸੀ? ਉਹਨਾਂ ਮਨੁੱਖਾਂ ਦੇ ਉੱਪਰ ਕੋਣ ਸੀ ਜਿਹਨਾਂ ਨੇ ਉਸਨੂੰ ਆਉਂਦੇ ਹੋਏ ਪਹਿਲਾਂ ਹੀ ਦੇਖ ਲਿਆ ਸੀ ਅਤੇ ਉਸਦੇ ਜੀਵਨ ਬਾਰੇ ਉਸਦੇ ਆਉਣ ਤੋਂ ਹਜਾਰ ਸਾਲ ਪਹਿਲਾਂ ਹੀ ਦੱਸ ਦਿੱਤਾ ਸੀ? ਉਹ ਕੋਣ ਸੀ ਜਿਸਨੇ ਉਸਦੇ ਬਾਰੇ ਪਹਿਲਾਂ ਹੀ ਅੱਖਰਾਂ ਵਿੱਚ ਦੱਸਿਆ? ਅਤੇ ਜਦੋਂ ਉਹ ਆਇਆ ਉਹਨਾਂ ਨੇ ਕਿਹਾ, 'ਉਹ ਅਪਰਾਧੀਆਂ ਦੇ ਨਾਲ ਗਿਣਿਆ ਗਿਆ' ਅਤੇ ਉਹ ਸੀ। 'ਉਹ ਸਾਡੇ ਅਪਰਾਧਾਂ ਕਾਰਣ ਘਾਇਲ ਕੀਤਾ ਗਿਆ ਸੀ,' 'ਉਸਨੇ ਆਪਣੀ ਕਬਰ ਧਨੀ ਨਾਲ ਠਹਿਰਾਈ, ਪ੍ਰੰਤੂ ਉਹ ਤੀਸਰੇ ਦਿਨ ਫਿਰ ਜੀ ਉੱਠੇਗਾ' ਅਤੇ ਉਹ ਜੀ ਉੱਠਿਆ ਅਤੇ ਫਿਰ ਉਸਨੇ ਪਵਿੱਤਰ ਆਤਮ ਦਾ ਵਾਦਾ ਕੀਤਾ, ਅਤੇ ਮੈਨੂੰ ਉਹ ਮਿਲਿਆ ਹੈ, ਇਸ ਲਈ ਤੇਰੇ ਲਈ ਇਹ ਹੀ ਚੰਗਾ ਹੋਵੇਗਾ ਕਿ ਤੂੰ ਇਸ ਤੋਂ ਦੂਰ ਚੱਲ ਜਾ। ਕਿਉਂਕਿ ਵਚਨ ਵਿੱਚ ਇਹ ਲਿਖਿਆ ਹੋਇਆ ਹੈ ਅਤੇ ਹਰੇਕ ਵਚਨ ਸੱਚਾ ਹੈ"। ਅਤੇ ਤਦ ਉਹ ਚੱਲ ਗਿਆ। ਤੁਸੀਂ ਬਸ ਉਸਨੂੰ ਵਚਨ ਦੱਸੋ ਅਤੇ ਵਚਨ ਹੀ ਕਰਦਾ ਹੈ। ਉਹ ਇਸ ਵਚਨ ਦੇ ਸਾਹਮਣੇ ਖੜ੍ਹਾ ਨਹੀਂ ਹੋ ਸਕਦਾ ਹੈ ਕਿਉਂਕਿ ਇਹ ਪ੍ਰੇਰਣਾ ਤੋਂ ਹੈ।

ਆਓ ਅੱਜ ਰਾਤ ਰਸੂਲਾਂ ਦੇ ਕਰਤਬ 7 ਬਾਬ ਤੋਂ ਪੜ੍ਹਨਾ ਸ਼ੁਰੂ ਕਰੀਏ।

*ਤਦ ਸਰਦਾਰ ਜਾਜਕ ਨੇ ਪੁੱਛਿਆ, "ਕੀ ਇਹ ਗੱਲਾਂ ਇਵੇਂ ਹੀ ਹਨ?"*

*ਤਾਂ ਉਹ ਬੋਲਿਆ ਹੇ ਭਇਓ ਅਤੇ ਹੇ ਮਿੱਤਰੋ, ਸੁਣੋ। ਸਾਡੇ ਪਿਤਾ ਅਬਰਾਹਾਮ ਨੂੰ ਹਾਰਾਨ ਵਿੱਚ ਵਸਣ ਤੋਂ ਅੱਗੋਂ ਜਦੋਂ ਉਹ ਮੈਸੋਪੋਤਮਿਆਂ ਵਿੱਚ ਸੀ ਤੇਜ ਰੂਪ ਵਿੱਚ ਪਰਮੇਸ਼ਵਰ ਵਿਖਾਈ ਦਿੱਤਾ।*

*ਅਤੇ ਉਹਨੂੰ ਆਖਿਆ, ਤੂੰ ਆਪਣੇ ਦੇਸ਼ ਅਤੇ ਆਪਣੇ ਸਾਕਾਂ ਵਿੱਚੋਂ ਨਿਕਲ ਕੇ ਉਸ ਦੇਸ਼ ਵਿੱਚ ਜਿਹੜਾ ਮੈਂ ਤੈਨੂੰ ਵਿਖਾਵਾਂਗਾ ਚਲਿਆ ਆ।*

*ਤਦ ਉਹ ਕਲਦੀਆਂ ਦੇ ਦੇਸ ਵਿੱਚੋਂ ਨਿਕਲ ਕੇ ਹਾਰਾਨ ਵਿੱਚ ਜਾਂ ਵਸਿਆ ਅਤੇ ਉਹਦੇ ਪਿਤਾ ਦੇ ਮਰਨ ਦੇ ਪਿੱਛੋਂ ਪਰਮੇਸ਼ਵਰ ਨੇ ਉਹਨੂੰ ਉੱਥੇ ਲਿਆ ਕੇ ਇਸ ਦੇਸ਼ ਵਿੱਚ ਵਸਾਇਆ ਜਿੱਥੇ ਹੁਣ ਤੁਸੀਂ ਰਹਿੰਦੇ ਹੋ।*

*ਇਹਦੇ ਵਿੱਚ ਕੁਝ ਅਧਿਕਾਰ ਸਗੋਂ ਪੈਰ ਰੱਖਣ ਦੀ ਥਾਂ ਵੀ ਨ ਦਿੱਤੀ ਪਰ ਉਸਨੇ ਕਰਾਰ ਕੀਤਾ ਜੋ ਮੈਂ ਇਹ ਧਰਤੀ ਤੈਨੂੰ ਅਤੇ ਤੇਰੇ ਪਿੱਛੋਂ ਤੇਰੀ ਅੰਸ਼ ਨੂੰ ਦਿਆਂਗਾ ਭਾਵੇਂ ਉਹ ਬਾਲਕ ਅਜੇ ਨਹੀਂ ਸੀ। ਪਰਮੇਸ਼ਵਰ ਨੇ ਇਉਂ ਆਖਿਆ ਭਈ ਤੇਰੀ ਅੰਸ਼ ਪ੍ਰਦੇਸ਼ ਵਿੱਚ ਜਾ ਰਹੇਗੀ ਅਤੇ ਉਹ ਉਸਨੂੰ ਗੁਲਾਮ ਬਣਾ ਕੇ ਰੱਖਣਗੇ ਅਤੇ ਚਾਰ ਸੌ ਵਰਿਹਾਂ ਤਕ ਦੁਖ ਦੇਣਗੇ।*

*...ਫਿਰ ਪਰਮੇਸ਼ਵਰ ਨੇ ਆਖਿਆ ਮੈਂ ਉਸ ਉੱਤੇ ਜਿਹਦੇ ਉਹ ਗੁਲਾਮ ਹੋਣਗੇ ਡੰਨ ਲਵਾਂਗਾ ਅਤੇ ਇਹਦੇ ਪਿੱਛੇ ਉਹ ਨਿਕਲ ਆਉਣਗੇ ਅਤੇ ਇਸੇ ਥਾਂ ਵਿੱਚ ਮੇਰੀ ਉਪਾਸਨਾ ਕਰਨਗੇ।*

*ਅਤੇ ਉਸਨੇ ਉਸ ਦੇ ਨਾਲ ਸੁੰਨਤ ਦਾ ਨੇਮ ਦਿੱਤਾ। ਇਸੇ ਤਰ੍ਹਾਂ ਉਹਦੇ ਇਸਹਾਕ ਜੰਨਮਿਆ ਅਤੇ ਉਹਦੇ ਅੱਠਵੇਂ ਦਿਨ ਉਹ ਦੀ ਸੁੰਨਤ ਕੀਤੀ ਅਤੇ ਇਸਹਾਕ ਦੇ ਯਾਕੂਬ ਅਤੇ ਯਾਕੂਬ ਦੇ ਘਰ ਬਾਰਾਂ ਗੋਤ ਦੇ ਸਰਦਾਰ ਜੰਮੇ।*

22 ਇਸ ਜਗ੍ਹਾ, ਅਸੀਂ ਇੱਕ ਵਿਸ਼ ਲੈਣਾ ਚਾਹੁੰਦੇ ਹਾਂ, ਜਿਹੜਾ ਕਿ ਮੈਂ ਸੋਚਦਾ ਹਾਂ, ਅੱਜ ਦਾ ਬਹੁਤ ਹੀ ਅਲੱਗ ਵਿਸ਼ਾ ਹੈ...*ਪਵਿੱਤਰ ਆਤਮਾ ਕੀ ਹੈ?* ਇਹ ਕੀ ਹੈ? ਅਤੇ ਹੁਣ ਇਸ ਲੜੀ ਵਿੱਚ ਇਸ ਵਿਸ਼ੇ ਨੂੰ ਲੈਣ ਦਾ ਮੇਰਾ ਕਾਰਣ ਹੈ ਕਿ ਤੁਸੀਂ ਪਵਿੱਤਰ ਆਤਮਾ ਤਦ ਤਕ ਪ੍ਰਾਪਤ ਨਹੀਂ ਕਰ ਸਕਦੇ ਹੋ ਜਦੋਂ ਤਕ ਕਿ ਤੁਸੀਂ ਨਾ ਜਾਣਦੇ ਹੋਵੋ ਕਿ ਇਹ ਕੀ ਹੈ। ਅਤੇ ਤੁਸੀਂ ਇਸਨੂੰ ਪ੍ਰਾਪਤ ਨਹੀਂ ਕਰ ਸਕਦੇ, ਜੇ ਤੁਸੀਂ ਜਾਣਦੇ ਹੋ ਕਿ ਇਹ ਕੀ ਹੈ, ਜਦ ਤਕ ਕਿ ਤੁਸੀਂ ਇਸਦਾ ਵਿਸ਼ਵਾਸ ਨ ਕਰੋ ਕਿ ਇਹ ਤੁਹਾਡੇ ਲਈ ਹੈ ਅਤੇ ਇਹ ਤੁਹਾਨੂੰ ਦਿੱਤਾ ਗਿਆ ਹੈ। ਅਤੇ, ਫਿਰ, ਇਹ ਕਿ ਤੁਸੀਂ ਇਹ ਨਹੀਂ ਜਾਣ ਸਕਦੇ ਕਿ ਤੁਹਾਨੂੰ ਪਵਿੱਤਰ ਆਤਮਾ ਮਿਲਿਆ ਹੈ ਯਾ ਨਹੀਂ ਜਦ ਤਕ ਕਿ ਤੁਸੀਂ ਇਹ ਨਾ ਜਾਣਦੇ ਹੋਵੋ ਕਿ ਇਹ ਕਿ ਫਲ ਜਾਂ ਨਤੀਜੇ ਲਿਆਉਦਾ ਹੈ, ਜਦ ਇਹ ਆਉਂਦਾ ਹੈ ਤਾਂ ਤੁਸੀਂ ਇਹ ਜਾਣ ਲਵੋਂਗੇ ਕਿ ਜਦ ਇਹ ਤੁਹਾਨੂੰ ਮਿਲ ਜਾਂਦਾ ਹੈ ਤਾਂ ਤੁਹਾਨੂੰ

ਕੀ ਮਿਲਿਆ ਹੈ। ਸਮਝੇ? ਇਹ ਹੀ ਇਹਨਾਂ ਸਭਨਾ ਗੱਲਾਂ ਨੂੰ ਨਿਰਧਾਰਿਤ ਕਰਦਾ ਹੈ।

23 ਜਿਵੇਂ ਕਿ ਮੈਂ ਅੱਜ ਭਾਈ ਜੈਫਰੀ ਨਾਲ ਗੱਲ ਕਰ ਰਿਹਾ ਸੀ ਅਤੇ ਉਸਨੇ ਕਿਹਾ, "ਮੈਂ ਅੱਜ ਰਾਤ ਸੰਗਤੀ ਵਿੱਚ ਆਉਣਾ ਚਾਹੁੰਦਾ, ਹਾਂ ਪਰ ਮੈਂ ਕਲ ਰਾਤ ਇੱਥੇ ਹੋਵਾਂਗਾ"। ਉਹ ਨਹੀਂ ਜਾਂਦਾ ਸੀ ਕਿ ਇੱਥੇ ਸੰਗਤੀਆਂ ਚੱਲ ਰਹੀਆਂ ਸਨ, ਕਿਉਂਕਿ ਇੱਥੇ ਅਸੀਂ ਇਹਨਾਂ ਸੰਗਤੀਆਂ ਦੀ ਘੋਸ਼ਣਾ ਨਹੀਂ ਕੀਤੀ ਸੀ; ਕੁਝ ਭਾਈ ਲੀਓ ਅਤੇ ਉਹਨਾਂ ਕੁਝ ਭਾਈਆਂ...ਨੇ ਇਸ ਸ਼ਹਿਰ ਦੇ ਬਾਹਰ ਸਾਡੇ ਕੁਝ ਮਿੱਤਰਾਂ ਨੂੰ ਪੱਤਰ ਆਦਿ ਲਿਖ ਕੇ ਇਹਨਾਂ ਸੰਗਤੀਆਂ ਦੀ ਜਾਣਕਾਰੀ ਦਿੱਤੀ। ਅੱਛਾ ਕਿਉਂਕਿ ਸਾਡੇ ਕੋਲ ਇੱਥੇ ਜਗ੍ਹਾ ਨਹੀਂ ਹੈ।

24 ਹੁਣ ਮੈਂ ਆਖਿਆ, "ਭਾਈ ਜੈਫਰੀ ਜੇ ਤੂੰ ਮੈਨੂੰ ਆਪਣੇ ਤੇਲ ਦੇ ਖੂਹ ਵਿੱਚੋਂ ਕਿਸੇ ਇੱਕ ਨੂੰ ਖੋਲਣ ਲਈ ਥੱਲੇ ਭੇਜੇ ਤਾਂ ਮੈਂ ਉਸਦੇ ਬਾਰੇ ਵਿੱਚ ਕੁਝ ਵੀ ਨਹੀਂ ਜਾਣਦਾ ਹਾਂ, ਹੋ ਸਕਦਾ ਹੈ ਮੈਂ ਇਸਨੂੰ ਉਡਾ ਜਾਂ ਨਸ਼ਟ ਕਰ ਦਿਆਂ। ਹੋ ਸਕਦਾ ਹੈ ਕਿ ਮੈਂ ਗਲਤ ਚਾਬੀ ਲੱਗਾ ਦਿਆਂ ਜਾਂ ਕਿਸੇ ਗਲਤ ਮੋਟਰ ਨੂੰ ਚਾਲੂ ਕਰ ਦਿਆਂ। ਇਸ ਤੋਂ ਪਹਿਲਾਂ ਕਿ ਮੈਂ ਇਹ ਕਰਾਂ ਮੈਨੂੰ ਪਤਾ ਹੋਣ ਚਾਹੀਦਾ ਹੈ ਕਿ ਇਸਨੂੰ ਕਿਸ ਤਰ੍ਹਾਂ ਕਰਨ ਚਾਹੀਦਾ ਹੈ"।

ਅਤੇ ਪਵਿੱਤਰ ਆਤਮਾ ਨੂੰ ਪ੍ਰਾਪਤ ਕਰਨ ਦਾ ਵੀ ਇਹ ਹੀ ਢੰਗ ਹੈ, ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਤੁਸੀਂ ਕਿਸ ਲਈ ਆ ਰਹੇ ਹੋ, ਅਤੇ ਇਸਨੂੰ ਕਿਸ ਤਰ੍ਹਾਂ ਪ੍ਰਾਪਤ ਕਰਨਾ ਹੈ ਅਤੇ ਇਹ ਕੀ ਹੈ?

ਹੁਣ, ਪਹਿਲੀ ਗੱਲ, ਤਾਂ ਇਹ ਹੈ ਕਿ ਪਵਿੱਤਰ ਆਤਮਾ ਦਾ ਵਾਦਾ ਕੀਤਾ ਗਿਆ ਹੈ।

25 ਅਸੀਂ ਇਸ ਉੱਤੇ ਦੱਸ ਹਫ਼ਤੇ ਲੱਗਾ ਸਕਦੇ ਹਾਂ ਅਤੇ ਕਦੇ ਵੀ...ਬਸ ਇਸ ਵਿਸ਼ੇ ਦੇ ਕਿਨਾਰੇ ਨੂੰ ਛੱਡ ਸਕਦੇ ਹਾਂ ਕਿ ਪਵਿੱਤਰ ਆਤਮਾ ਕੀ ਹੈ। ਪਰ, ਪਹਿਲੀ ਗੱਲ ਇਹ ਹੈ, ਕਿ ਮੈਂ ਇਸ ਦੀ ਬਸ ਕੁਝ ਰੂਪ ਰੇਖਾ ਦੱਸਾਂਗਾ ਅਤੇ ਫਿਰ ਇਹ ਵੇਖਾਂਗੇ ਕਿ ਕੀ ਅਗਲੀ ਰਾਤ ਉਸ ਉੱਤੇ ਕੋਈ ਪ੍ਰਸ਼ਨ ਹੈ।

26 ਇੱਥੇ ਇਸ ਜਗ੍ਹਾ ਕਿੰਨੇ ਅਜਿਹੇ ਲੋਕ ਹਨ, ਜਿਹਨਾਂ ਨੇ ਪਵਿੱਤਰ ਆਤਮਾ ਦਾ ਬਪਤੀਸਮਾ ਨਹੀਂ ਪਾਇਆ ਹੈ, ਆਪਣੇ ਹੱਥ ਖੜ੍ਹੇ ਕਰੋ; ਤੁਸੀਂ ਜੋ ਇਹ ਜਾਣਦੇ ਹੋ ਉਹਨਾਂ ਨੇ ਨਹੀਂ ਪ੍ਰਾਪਤ ਕੀਤਾ ਹੈ, ਸਿਰਫ਼ ਹੱਥਾਂ ਵੱਲ ਧਿਆਨ ਦਿਓ।

ਹੁਣ ਮੈਂ ਪਵਿੱਤਰ ਆਤਮਾ ਦੇ ਉੱਤੇ ਬੋਲਣਾ ਚਾਹੁੰਦਾ ਹਾਂ, ਜਿਵੇਂ ਕਿ ਇਹ ਇੱਕ ਚਿੰਨ੍ਹ ਹੈ, ਕਿਉਂਕਿ ਇਹ ਇੱਕ ਚਿੰਨ੍ਹ ਹੈ। ਅਸੀਂ ਇਹ ਮਹਿਸੂਸ ਕਰਦੇ ਹਾਂ ਸਾਰੇ ਵਾਅਦੇ ਸਾਨੂੰ ਦੇ...ਦੁਆਰਾ ਦਿੱਤੇ ਗਏ ਹਨ ਅਬਰਾਹਾਮ ਵਾਅਦੇ ਦਾ

ਪਿਤਾ ਸੀ, ਕਿਉਂਕਿ ਖੁਦ ਨੇ ਅਬਰਾਹਾਮ ਨਾਲ ਅਤੇ ਉਸ ਤੋਂ ਬਾਅਦ ਉਸਦੀ ਵੰਸ਼ ਨਾਲ ਵਾਈਦਾ ਕੀਤਾ ਸੀ। ਵਾਈਦਾ "ਅਬਰਾਹਾਮ ਅਤੇ ਉਸਦੇ ਵੰਸ਼" ਨਾਲ ਕੀਤਾ ਸੀ ਅਤੇ ਇਹ ਚਿੰਨ੍ਹ ਉਹਨਾਂ ਲੋਕਾਂ ਲਈ ਹੈ ਜਿਹਨਾਂ ਨਾਲ ਨੇਮ ਬੰਨਿਆ ਗਿਆ ਸੀ।

27 ਹੁਣ, ਇੱਕ ਸਧਾਰਨ ਮਸੀਹੀ ਅਤੇ ਇੱਕ ਪਵਿੱਤਰ-ਆਤਮਾ-ਨਾਲ ਭਰੇ ਹੋਏ ਮਸੀਹੀ ਵਿੱਚ ਬਹੁਤ ਵੱਡਾ ਅੰਤਰ ਹੁੰਦਾ ਹੈ। ਅਤੇ ਹੁਣ ਅਸੀਂ ਇਸ ਗੱਲ ਨੂੰ ਬਾਈਬਲ ਵਿੱਚ ਵੇਖਣ ਜਾਂ ਰਹੇ ਹਾਂ, ਅਤੇ ਇਸਨੂੰ ਬਿਲਕੁਲ ਠੀਕ ਬਾਈਬਲ ਵਿੱਚ ਰੱਖਾਂਗੇ। ਹੁਣ ਪਹਿਲੀ ਗੱਲ ਤਾਂ ਇਹ ਹੈ ਅਜਿਹੇ ਵੀ ਮਸੀਹ ਹਨ ਜੋ ਮਸੀਹ ਹੋਣ ਦਾ ਦਾਵਾ ਕਰਦੇ ਹਨ। ਪਰ ਜੇ ਉਹ ਅਜੇ ਤਕ ਪਵਿੱਤਰ ਆਤਮਾ ਨਾਲ ਨਹੀਂ ਭਰਿਆ ਹੈ ਤਾਂ ਉਹ ਅਜੇ ਵੀ ਮਸੀਹ ਬਣਨ ਦੀ ਪ੍ਰਕਿਰਿਆ ਵਿੱਚ ਹੀ ਹੈ। ਸਮਝੇ? ਉਹ ਦਾਵਾ ਕਰਦਾ ਹੈ ਕਿ ਉਹ ਵਿਸ਼ਵਾਸ ਕਰਦਾ ਹੈ; ਅਤੇ ਉਹ ਇਸ ਤੇ ਕੰਮ ਕਰਦਾ ਹੈ, ਪਰ ਪਰਮੇਸ਼ਵਰ ਨੇ ਉਸਨੂੰ ਅਜੇ ਤਕ ਉਹ ਆਤਮਾ ਅਰਥਾਤ ਪਵਿੱਤਰ ਆਤਮਾ ਨਹੀਂ ਦਿੱਤਾ ਹੈ। ਉਹ ਖੁਦ ਦੇ ਨਾਲ ਉਸ ਮੁਕਾਮ ਤੇ ਨਹੀਂ ਪਹੁੰਚਾ ਹੈ, ਕਿ ਖੁਦ ਉਸਨੂੰ ਮਾਨਤਾ ਦੇਵੇ।

28 ਜਦੋਂ, ਪਰਮੇਸ਼ਵਰ ਨੇ ਅਬਰਾਹਾਮ ਨੂੰ ਬਾਹਰ ਬੁਲਾਇਆ, ਤਾਂ ਉਸਨੇ ਉਸ ਨਾਲ ਇੱਕ ਨੇਮ ਬੰਨਿਆ ਜੋ ਕਿ ਅੱਜ ਦੇ ਵਿਸ਼ਵਾਸੀ ਨੂੰ ਬਾਹਰ ਬੁਲਾਉਣ ਦਾ ਨਮੂਨਾ ਸੀ।

ਪਰਮੇਸ਼ਵਰ ਨੇ ਅਬਰਾਹਾਮ ਨੂੰ ਬੁਲਾਇਆ ਅਤੇ ਅਬਰਾਹਾਮ ਆਪਣੇ ਦੇਸ਼ ਵਿੱਚੋਂ ਨਿਕਲ ਕੇ ਅਜਨਬੀ ਦੇਸ਼ ਅਤੇ ਅਜਨਬੀ ਲੋਕਾਂ ਦੇ ਵਿਚਕਾਰ ਰਿਹਾ ਅਤੇ ਇਹ ਇਸ ਗੱਲ ਦਾ ਨਮੂਨਾ ਸੀ ਕਿ ਜਦੋਂ ਪਰਮੇਸ਼ਵਰ ਕਿਸੇ ਮਨੁੱਖ ਨੂੰ ਬੁਲਾਉਂਦਾ ਹੈ ਤਾਂ ਉਹ ਬੁਰਿਆਈ ਨੂੰ ਛੱਡ ਦਿੰਦਾ ਹੈ ਅਤੇ ਆਪਣੇ ਪਾਪਾਂ ਤੋਂ ਤੌਬਾ ਕਰਦਾ ਹੈ। ਅਤੇ ਉਸ ਭੀੜ ਵਿੱਚੋਂ ਬਾਹਰ ਨਿਕਲ ਆਉਂਦਾ ਹੈ ਜਿਸ ਵਿੱਚ ਉਹ ਚੱਲਦਾ ਹੁੰਦਾ ਸੀ ਅਤੇ ਇੱਕ ਨਵੀਂ ਭੀੜ ਜਾਂ ਝੁੰਡ ਵਿੱਚ ਨਵੀਂ ਕਿਸਮ ਦੇ ਲੋਕਾਂ ਦੇ ਵਿਚਕਾਰ ਆ ਜਾਂਦਾ ਹੈ।

ਅਤੇ ਜਦ ਪਰਮੇਸ਼ਵਰ ਨੇ ਵੇਖਿਆ ਕਿ ਅਬਰਾਹਾਮ ਉਸ ਵਾਅਦੇ ਦੇ ਪ੍ਰਤੀ ਵਫ਼ਾਦਾਰ ਹੈ, ਜੋ ਉਸਨੇ ਅਬਰਾਹਾਮ ਨੂੰ ਦਿੱਤਾ ਸੀ, ਕਿ ਉਸ ਦੇ ਇੱਕ ਪੁੱਤਰ ਹੋਵੇਗਾ ਅਤੇ ਇਸ ਪੁੱਤਰ ਦੇ ਰਾਹੀਂ ਸਾਰੀ ਧਰਤੀ ਬਰਕਤ ਪ੍ਰਾਪਤ ਕਰੇਗੀ, ਤਾਂ ਪਰਮੇਸ਼ਵਰ ਨੇ ਉਸਦੇ ਵਿਸ਼ਵਾਸ ਨੂੰ ਇੱਕ ਚਿੰਨ੍ਹ ਦੇ ਕੇ ਪ੍ਰਮਾਣਿਤ ਕੀਤਾ, ਅਤੇ ਉਹ ਚਿੰਨ੍ਹ ਸੁੰਨਤ ਸੀ ਅਤੇ ਸੁੰਨਤ ਪਵਿੱਤਰ ਆਤਮਾ ਦਾ ਨਮੂਨਾ ਜਾਂ ਛਾਇਆ ਹੈ।

29 ਇਸੇ ਬਾਬ ਦੀਆਂ ਉਸ ਤੋਂ ਕੁਝ ਅਗਲੀਆਂ ਆਇਤਾਂ ਨੂੰ ਜੇ ਤੁਸੀਂ ਵੇਖਣਾ ਚਾਹੁੰਦੇ ਹੋ ਤਾਂ ਤੁਸੀਂ ਇਹਨੂੰ ਵੇਖੋ।। ਅਤੇ...ਇਸਤੀਫ਼ਾਨ ਨੇ ਵੀ 51ਵੀ ਆਇਤ ਵਿੱਚ ਕਿਹਾ

> *ਹੇ ਹਠੀ ਅਤੇ ਮਨ ਆਰ ਕੰਨ ਦੇ ਬੇਸੁੰਨਤੀ ਲੋਕੋ, ਤੁਸੀਂ ਸਦਾ ਪਵਿੱਤਰ ਆਤਮਾ ਦਾ ਸਾਹਮਣਾ ਕਰਦੇ ਹੋ: ਜਿਵੇਂ ਕਿ ਤੁਹਾਡੇ ਪਿਓ ਦਾਦਿਆਂ ਨੇ ਕੀਤਾ ਤਿਵੇਂ ਤੁਸੀਂ ਵੀ ਕਰਦੇ ਹੋ।*

30 ਸੁੰਨਤ ਪਵਿੱਤਰ ਆਤਮਾ ਦਾ ਇੱਕ ਨਮੂਨਾ ਹੈ ਅਤੇ ਪਰਮੇਸਵਰ ਨੇ ਅਬਰਾਹਾਮ ਨੂੰ ਉਸ—ਉਸ ਵਕਤ ਸੁੰਨਤ ਦਾ ਚਿੰਨ੍ਹ ਦਿੱਤਾ ਜਦ ਉਹ ਪਰਮੇਸ਼ਵਰ ਨੂੰ ਉਸਦੇ ਵਾਅਦੇ ਤੋਂ ਕਬੂਲ ਕਰ ਚੁੱਕਾ ਸੀ ਅਤੇ ਇੱਕ ਗੈਰ ਦੇਸ਼ ਵਿੱਚ ਪਹੁੰਚ ਚੁੱਕਾ ਸੀ। ਸਮਝੇ? ਇਹ ਇੱਕ ਚਿੰਨ੍ਹ ਸੀ।

ਅਤੇ ਉਸ ਦੇ ਸਭ ਬੱਚੇ ਅਤੇ ਉਸ ਤੋਂ ਬਾਅਦ ਉਸਦੀ ਸੰਤਾਨ ਕੋਲ ਇਹ ਚਿੰਨ੍ਹ ਉਹਨਾਂ ਦੇ ਸ਼ਰੀਰ ਵਿੱਚ ਹੋਣਾ ਚਾਹੀਦਾ ਹੈ, ਕਿਉਂਕਿ ਇਹ ਵੱਖਰੇ ਜਾਂ ਅਲੱਗ ਹੋਣ ਦਾ ਚਿੰਨ੍ਹ ਹੈ। ਇਹ ਸੁੰਨਤ ਦਾ ਚਿੰਨ੍ਹ ਉਹਨਾਂ ਨੂੰ ਬਾਕੀ ਸਭ ਲੋਕਾਂ ਤੋਂ ਅਲੱਗ ਕਰਨ ਲਈ ਸੀ।

31 ਅਤੇ ਅੱਜ ਵੀ ਖੁਦਾ ਇਹ ਹੀ ਇਸਤੇਮਾਲ ਕਰ ਰਿਹਾ ਹੈ। ਪਵਿੱਤਰ ਆਤਮਾਂ ਹਿਰਦੈ ਦੀ ਸੁੰਨਤ ਦਾ ਚਿੰਨ੍ਹ ਹੈ ਜੋ ਪਰਮੇਸ਼ਵਰ ਦੀ ਕਲੀਸੀਆ ਨੂੰ ਬਾਕੀ ਸਭ ਮੱਤਾਂ ਵਿਸ਼ਵਾਸਾਂ ਅਤੇ ਮਿਸ਼ਨਾਂ ਤੋਂ ਅਲੱਗ ਕਰਦਾ ਹੈ। ਉਹ ਹਰੇਕ ਤਰ੍ਹਾਂ ਦੀਆਂ ਮਿਸ਼ਨਾਂ ਵਿੱਚ ਸਨ, ਪਰ ਤਦ ਵੀ ਉਹ ਅਲੱਗ ਕੀਤੇ ਗਏ ਲੋਕ ਹਨ। ਤੁਸੀਂ ਮੈਨੂੰ ਮਨੁੱਖ ਨਾਲ ਦੋ ਮਿੰਟਾਂ ਗੱਲਾਂ ਕਰਨ ਦਿਓ ਮੈਂ ਤੁਹਾਨੂੰ ਦੱਸ ਸਕਦਾ ਹਾਂ ਕਿ ਉਸਨੇ ਪਵਿੱਤਰ ਆਤਮਾ ਪਾਇਆ ਹੈ ਜਾਂ ਨਹੀਂ; ਇਸੇ ਤਰ੍ਹਾਂ ਹੀ ਤੁਸੀਂ ਵੀ ਕਰ ਸਕਦੇ ਹੋ। ਇਹ ਲੋਕਾਂ ਨੂੰ ਵੱਖਰਾ ਕਰਦਾ ਹੈ, ਇਹ ਇੱਕ ਛਾਪ ਹੈ, ਇਹ ਇੱਕ ਚਿੰਨ੍ਹ ਹੈ। ਅਤੇ ਪਵਿੱਤਰ ਆਤਮਾ ਇੱਕ ਚਿੰਨ੍ਹ ਹੈ। ਅਤੇ ਇਹ ...

ਜੇ ਕੋਈ ਬੱਚਾ ਪੁਰਾਣੇ ਨੇਮ ਵਿੱਚ ਸੁੰਨਤ ਕਰਾਉਣ ਤੋਂ ਨਾਂਹ ਕਰਦਾ ਸੀ ਜੋ ਕਿ ਪਵਿੱਤਰ ਆਤਮਾ ਦਾ ਇੱਕ ਨਮੂਨਾ ਹੈ ਤਾਂ ਉਸਨੂੰ ਲੋਕਾਂ ਵਿੱਚੋਂ ਅਲੱਗ ਕਰ ਦਿੱਤਾ ਜਾਂਦਾ ਸੀ। ਜੋ ਉਹ ਸੁੰਨਤ ਕਰਵਾਉਣ ਤੋਂ ਇਨਕਾਰ ਕਰ ਦਿੰਦਾ ਸੀ, ਤਾਂ ਉਹ ਬਾਕੀ ਲੋਕਾਂ ਨਾਲ ਸੰਗਤੀ ਨਹੀਂ ਕਰ ਸਕਦਾ ਸੀ।

ਹੁਣ ਅੱਜ ਇਸਨੂੰ ਮਿਲਾਓ। ਉਹ ਮਨੁੱਖ ਜੋ ਪਵਿੱਤਰ ਆਤਮਾ ਦਾ ਬਪਤਿਸਮਾ ਪਾਉਣ ਤੋਂ ਇਨਕਾਰ ਕਰਦਾ ਹੈ, ਤਾਂ ਉਹ ਉਹਨਾਂ ਲੋਕਾਂ ਦੇ ਨਾਲ ਸੰਗਤ ਨਹੀਂ ਕਰ ਸਕਦਾ ਹੈ ਜਿਹਨਾਂ ਲੋਕਾਂ ਨੇ ਪਵਿੱਤਰ ਆਤਮਾ ਪਾਇਆ

ਹੈ। ਤੁਸੀਂ ਬਸ ਇਸ ਤਰ੍ਹਾਂ ਨਹੀਂ ਕਰ ਸਕਦੇ। ਤੁਹਾਡਾ ਸੁਭਾਅ ਹੋਣਾ ਹੀ ਹੈ। ਜਿਵੇਂ, ਇਹ ਹੈ...

32 ਮੇਰੀ ਮਾਂ ਕਹਿੰਦੀ ਹੁੰਦੀ ਸੀ, "ਇੱਕ ਤਰ੍ਹਾਂ ਦੇ ਪਰਾਂ ਵਾਲੇ ਪੰਛੀ ਇਕੱਠੇ ਰਹਿੰਦੇ ਹਨ"। ਚੰਗਾ ਇਹ ਇੱਕ ਪੁਰਾਣੀ ਕਹਾਵਤ ਹੈ, ਪਰ ਇਹ ਇੱਕ ਸੱਚਾਈ ਹੈ। ਤੁਸੀਂ ਕਬੂਤਰਾਂ ਅਤੇ ਕਾਵਾਂ ਨੂੰ ਇਕੱਠੇ ਸੰਗਤ ਕਰਦੇ ਨਹੀਂ ਵੇਖ ਸਕਦੇ। ਉਹਨਾਂ ਦੀ ਖੁਰਾਕ ਵਿੱਚ ਫਰਕ ਹੈ, ਉਹਨਾਂ ਦੀਆਂ ਆਦਤਾਂ ਵਿੱਚ ਫਰਕ ਹੈ, ਉਹਨਾਂ ਦੀਆਂ ਇੱਛਾਵਾਂ ਭਿੰਨ ਹਨ।

ਅਤੇ ਇਸੇ ਹੀ ਤਰ੍ਹਾਂ ਇੱਕ ਸੰਸਾਰ ਅਤੇ ਇੱਕ ਮਸੀਹੀ ਨਾਲ ਹੈ ਜਿਸਦੀ ਕਿ ਪਵਿੱਤਰ ਆਤਮਾ ਨਾਲ *ਸੁੰਨਤ* ਹੋ ਚੁੱਕੀ ਹੈ, ਜਿਸਦਾ ਅਰਥ ਹੁੰਦਾ ਹੈ "ਮਾਸ ਨੂੰ ਕੱਟ ਕੇ ਅਲੱਗ ਕਰਨਾ"।

33 ਸੁੰਨਤ ਸਿਰਫ਼ ਨਰ ਦੀ ਹੀ ਹੋ ਸਕਦੀ ਹੈ। ਪਰ ਜੇ ਕੋਈ ਔਰਤ ਕਿਸੇ ਮਨੁੱਖ ਨਾਲ ਵਿਆਹੀ ਹੁੰਦੀ ਹੈ, ਤਾਂ ਉਹ ਉਸ ਆਦਮੀ ਦਾ ਭਾਗ ਹੁੰਦੀ ਸੀ। ਅਤੇ ਉਸਦੀ ਸੁੰਨਤ ਉਸਦੇ ਨਾਲ ਹੀ ਹੋ ਗਈ। ਤੁਹਾਨੂੰ ਯਾਦ ਹੋਵੇਗਾ, ਜਿੱਥੇ ਤਿਮੋਥੀਅਸ, ਵਿੱਚ ਕਿਹਾ ਗਿਆ ਹੈ, "ਕਦੇ ਨਹੀਂ ਤਾਂ ਵੀ ਬਾਲ ਜਣਨ ਦੇ ਵਸੀਲੇ ਨਾਲ ਉਹ ਬਚਾਈ ਜਾਵੇਗੀ, ਜੋ ਉਹ ਨਿਹਚਾ ਅਤੇ ਪ੍ਰੇਮ ਅਤੇ ਪਵਿੱਤਰਤਾਈ ਵਿੱਚ ਸੰਜਮ ਨਾਲ ਟਿਕੀਆਂ ਰਹਿਣ"।

34 ਹੁਣ ਸੁੰਨਤ ਤੁਸੀਂ ਜਾਣਦੇ ਹੋ ਜਦੋਂ...ਸਾਰਾਹ ਤੰਬੂ ਵਿੱਚ ਉਸਦੇ ਪਿੱਛੇ ਦੂਤ ਦੇ ਸੰਦੇਸ਼ ਤੇ ਹੱਸੀ ਸੀ, ਜਦੋਂ ਉਸਨੇ ਇਹ ਕਿਹਾ ਸੀ "ਅਬਰਾਹਾਮ", ਉਹ ਨਹੀਂ ਜਾਣਦੀ ਸੀ ਕਿ ਉਹ ਕੋਣ ਸੀ, ਇੱਕ ਅਜਨਬੀ, "ਤੇਰੀ ਪਤਨੀ ਸਾਰਾਹ ਕਿੱਥੇ ਹੈ?" ਉਸਨੂੰ ਕਿਵੇਂ ਪਤਾ ਲੱਗਾ ਕਿ ਅਬਰਾਹਾਮ ਦੀ ਪਤਨੀ ਵੀ ਹੈ?

35 ਜਿਵੇਂ ਯਿਸੂ ਨੇ ਕਿਹਾ ਸੀ, "ਜਿਵੇਂ ਲੂਤ ਦੇ ਦਿਨਾਂ ਵਿੱਚ ਹੋਇਆ ਸੀ, ਉਸੇ ਤਰ੍ਹਾਂ ਮਨੁੱਖ ਦੇ ਪੁੱਤਰ ਦੇ ਆਉਣ ਦੇ ਸਮੇਂ ਹੋਵੇਗਾ," ਯਾਦ ਰੱਖੋ, ਕਿ ਇਹ ਚਿੰਨ੍ਹ ਸੰਸਾਰ ਦੇ ਵਿੱਚ ਸੱਦੂਮ ਅਤੇ ਅਮੂਰਾਹ ਵਿੱਚ ਧਾਰਮਿਕ ਲੋਕਾਂ ਨੂੰ ਨਹੀਂ ਦਿੱਤੇ ਗਏ ਹਨ, ਪਰ ਇਹ ਚੁਣਿਆਂ ਹੋਇਆਂ ਲਈ ਬਾਹਰ ਬੁਲਾਏ ਗਏ ਲੋਕਾਂ ਲਈ ਸੀ, ਅਤੇ ਅਬਰਾਹਾਮ ਨੂੰ ਬਾਹਰ ਬੁਲਾਇਆ ਗਿਆ ਸੀ। ਅਤੇ ਸ਼ਬਦ *ਕਲੀਸੀਆ* ਦਾ ਅਰਥ ਹੈ "ਬਾਹਰ ਬੁਲਾਏ ਗਏ; ਵੱਖਰੇ ਕੀਤੇ ਹੋਏ," ਜਿਵੇਂ ਕਿ ਅਬਰਾਹਾਮ ਨੇ ਆਪਣੇ ਆਪ ਨੂੰ ਵੱਖਰਾ ਕੀਤਾ ਹੋਇਆ ਸੀ ਅਤੇ ਆਪਣੀ ਸੁੰਨਤ ਕਰਵਾਈ ਸੀ।

ਅਤੇ ਜਦ ਸਾਰਾਹ ਦੂਤ ਦੇ ਸੰਦੇਸ਼ ਤੇ ਹੱਸੀ ਸੀ ਪਰਮੇਸ਼ਵਰ ਨੇ ਉਸਨੂੰ ਥਾਂ ਤੇ ਹੀ ਮਾਰ ਦਿੱਤਾ ਹੁੰਦਾ; ਪਰ ਉਹ ਅਬਰਾਹਾਮ ਨੂੰ ਦੁਖ ਪਹੁੰਚਾਏ ਬਿਨਾਂ

ਸਾਰਾਹ ਨੂੰ ਦੁਖ ਨਹੀਂ ਪਹੁੰਚ ਸਕਦਾ ਸੀ। ਕਿਉਂਕਿ ਉਹ ਦੋਨੋਂ ਇੱਕ ਸਨ। ਉਹ ਉਸਦਾ ਹੀ ਭਾਗ ਸੀ। "ਤੁਸੀਂ ਅੱਗੇ ਤੋਂ ਦੋ ਨਹੀਂ ਬਲਕਿ ਇੱਕ ਹੋ"।

36 ਇਸ, ਲਈ ਸੁੰਨਤ, ਪਵਿੱਤਰ ਆਤਮ ਅੱਜ ਦਿਲਾਂ ਦੀ ਸੁੰਨਤ ਕਰਦਾ ਹੈ, ਅਤੇ ਇਹ ਇੱਕ ਚਿੰਨ੍ਹ ਹੈ, ਇੱਕ ਦਿੱਤਾ ਹੋਇਆ ਚਿੰਨ੍ਹ ਹੈ।

ਕਿਸੇ ਨੇ ਕਿਸੇ ਦਿਨ ਕਿਹਾ...ਮੈਂ ਇਸਨੂੰ ਕਿਸੇ ਚੁਟਕਲੇ ਦੇ ਤੋਰ ਤੇ ਨਹੀਂ ਦੁਹਰਾ ਰਿਹਾ ਹਾਂ, ਇਹ ਤਾਂ ਸੱਚਾਈ ਹੈ, ਪਰ ਇਹ ਇੱਕ ਚੁਟਕਲੇ ਵਾਂਗੂ ਲੱਗਦਾ ਹੈ। ਜਿਸ ਤਰ੍ਹਾਂ ਕਿ ਮੈਂ ਹਮੇਸ਼ਾ ਹੀ ਕਹਿੰਦਾ ਹਾਂ, ਇਹ ਮਜਾਕ ਕਰਨ ਦੀ ਜਗ੍ਹਾ ਨਹੀਂ ਹੈ। ਪਰ ਇੱਕ ਜਰਮਨ ਵਾਸੀ ਬਾਹਰ ਇੱਕ ਪੱਛਮੀ ਤੱਟ ਤੇ ਸੀ ਜਿੱਥੇ ਕਿ ਅਸੀਂ ਕੁਝ ਚਿਰ ਪਹਿਲਾਂ ਸਾਂ। ਉਸਨੇ ਪਵਿੱਤਰ ਆਤਮ ਪਾਇਆ ਹੋਇਆ ਸੀ ਅਤੇ ਉਹ ਥੱਲੇ ਗਲੀ ਵਿੱਚ ਜਾਂਦਾ ਹੈ ਅਤੇ ਉਹ ਥੋੜ੍ਹੀ ਦੂਰ ਚੱਲਦਾ ਹੈ ਅਤੇ ਫਿਰ ਉਹ ਆਪਣੇ ਹੱਥਾਂ ਨੂੰ ਉੱਪਰ ਚੁੱਕ ਲੈਂਦਾ ਹੈ ਅਤੇ ਉਹ ਪਰਾਈ ਭਾਖਿਆ ਬੋਲਦਾ ਹੈ, ਅਤੇ ਉਹ ਭੱਜਦਾ, ਦੌੜਦਾ ਟਪਦਾ ਅਤੇ ਰੌਲਾ ਪਾਉਂਦਾ ਹੈ। ਅਤੇ ਉਹ ਆਪਣੇ ਕੰਮ ਤੇ ਸੀ, ਅਤੇ ਉਸਦੇ ਮਾਲਿਕ ਨੇ ਉਸਨੂੰ ਕਿਹਾ, "ਤੂੰ ਕਿੱਥੇ ਸੀ?" ਮੈਂ ਉਹਨਾਂ ਥਾਵਾਂ ਨੂੰ ਪਸੰਦ ਕਰਾਂਗਾ ਜਿੱਥੇ ਤੂੰ ਸੀ। ਉਸਨੇ ਕਿਹਾ, "ਤੂੰ ਪੱਕਾ ਉਹਨਾਂ ਮੂਰਖ ਲੋਕਾਂ ਦੇ ਝੁੰਡ ਵਿੱਚ ਰਿਹਾ ਹੋਵੇਂਗਾ?"

ਉਸਨੇ ਕਿਹਾ, "ਫਿਰ ਤੂੰ ਕੀ ਸੋਚਦਾ ਹੈਂ ਕਿ ਉਹ ਮੂਰਖ ਲੋਕ ਹਨ?"

ਉਹਨੇ ਕਿਹਾ, "ਜਰੂਰ, ਉਹ ਹਨ"।

37 ਉਸਨੇ ਕਿਹਾ, "ਚੰਗਾ, ਉਹਨਾਂ ਮੂਰਖ ਲੋਕਾਂ ਲਈ ਪਰਮੇਸ਼ਵਰ ਦੀ ਵਡਿਆਈ ਹੋਵੇ!" ਅਤੇ ਉਸਨੇ ਕਿਹਾ, "ਤੂੰ ਜਾਣਦਾ ਹੈਂ? ਕਿ ਮੂਰਖ ਲੋਕ ਇੱਕ ਵੱਡਾ ਰੋਲ ਅਦਾ ਕਰਦੇ ਹਨ," ਉਸ ਆਖਿਆ, "ਉਦਾਹਰਨ ਲਈ ਗੱਡੀਆਂ ਮੋਟਰਾਂ ਵਿੱਚ, ਤੁਸੀਂ ਗੱਡੀ ਵਿੱਚੋਂ ਸਾਰੇ ਨੱਟ ਜਾਂ ਪੁਰਜੇ ਬਾਹਰ ਕੱਢ ਦਿਓ, ਤੁਹਾਨੂੰ ਬਾਕੀ ਕੁਝ ਨਹੀਂ ਪਰ 'ਝਟਕੇ' ਹੀ ਪ੍ਰਾਪਤ ਹੋਣਗੇ"। ਇਸ ਲਈ ਇਹ ਤਾਂ ਬਸ ਠੀਕ ਹੋਣ ਦੇ ਬਾਰੇ ਵਿੱਚ ਸੀ।

38 ਤੁਸੀਂ ਬਿਲਕੁਲ ਅਲੱਗ ਹੋ ਜਾਣਦੇ ਹੋ ਜਦੋਂ ਪਵਿੱਤਰ ਆਤਮਾ ਤੁਹਾਡੇ ਉੱਤੇ ਆ ਜਾਂਦਾ ਹੈ। ਇੱਥੋਂ ਤਕ ਕਿ ਦੁਨੀਆ ਦੀ ਬੁੱਧੀ ਤੁਹਾਨੂੰ ਪਸੰਦ ਨਹੀਂ ਕਰਦੀ ਹੈ, ਅਤੇ ਉਹ ਤੁਹਾਡੇ ਵਿਰੁੱਧ ਹੋ ਜਾਂਦੇ ਹਨ, ਅਤੇ ਉਹ ਤੁਹਾਡੇ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਸੰਬੰਧ ਨਹੀਂ ਰੱਖਣਾ ਚਾਹੁੰਦੇ ਹਨ। ਤੁਸੀਂ ਤਾਂ ਕਿਸੇ ਹੋਰ ਸੰਸਾਰ ਦੇ ਜਨਮੇ ਹੋਏ ਹੁੰਦੇ ਹੋ, ਤੁਸੀਂ ਤਾਂ ਉਹਨਾਂ ਲਈ ਓਪਰੇ ਹੋ ਜਾਂਦੇ ਹੋ ਤੁਸੀਂ ਤਾਂ ਉਹਨਾਂ ਲਈ ਦੱਸ ਗੁਣਾਂ ਤੋਂ ਵੀ ਵਧੀਕ ਓਪਰੇ ਹੋ ਜਾਂਦੇ ਹੋ ਇਸੇ ਤਰ੍ਹਾਂ ਜਿਵੇਂ ਕਿ ਤੁਸੀਂ ਅਫਰੀਕਾ ਦੇ ਸੁੰਦਰ ਖੇਤਰਾਂ ਵਾਲੇ ਇਲਾਕੇ ਵਿਕਿਹ ਚਲੇ ਜਾਂਦੇ

ਹੋ। ਜਦੋਂ ਪਵਿੱਤਰ ਆਤਮਾ ਆਉਂਦਾ ਹੈ ਤੁਸੀਂ ਭਿੰਨ ਹੋ ਜਾਂਦੇ ਹੋ ਅਤੇ ਇਹ ਇੱਕ ਚਿੰਨ੍ਹ ਹੈ। ਇਹ ਲੋਕਾਂ ਦੇ ਵਿਚਕਾਰ ਇੱਕ ਮੋਹਰ ਹੈ।

39 ਹੁਣ ਤੁਸੀਂ ਕਹੋਗੇ, "ਫਿਰ, ਭਾਈ ਬ੍ਰਾਨਹਾਮ, ਉਹ ਸੁੰਨਤ ਦਾ ਚਿੰਨ ਤਾਂ ਅਬਰਾਹਾਮ ਨੂੰ ਦਿੱਤਾ ਗਿਆ ਸੀ?" ਇਹ ਸੱਚ ਹੈ। "ਅਤੇ ਉਸਦੇ ਵੰਸ਼ ਨੂੰ?" ਹਾਂ ਜੀ।

40 ਠੀਕ ਹੈ, ਹੁਣ ਅਸੀਂ ਗਲਾਤੀਆਂ ਦੀ ਕਿਤਾਬ ਦੇ 3 ਬਾਬ ਅਤੇ ਉਸਦੀ 29 ਆਇਤ ਵੱਲ ਨੂੰ ਮੁੜ ਰਹੇ ਹਾਂ ਅਤੇ ਵੇਖਾਂਗੇ ਕਿ ਇਹ ਸਾਡੇ ਉੱਪਰ ਕਿਸ ਤਰ੍ਹਾਂ ਲਾਗੂ ਹੋ ਸਕਦਾ ਹੈ। ਗਲਤੀਆਂ 3:29 ਅਤੇ ਵੇਖੋ ਕਿ ਇਹ ਸੁੰਨਤ ਜਾਂ ਖਤਨਾ ਪਰਾਈ ਜਾਤੀਆਂ ਜੇ ਅਸੀਂ ਪਰਾਈ ਜਾਤੀ ਦੇ ਹਾਂ ਜਿਵੇਂ ਕਿ ਅਸੀਂ ਸੁਭਾਵਿਕ ਜਨਮ ਤੋਂ ਪਰਾਈ ਜਾਤੀ ਦੇ ਲੋਕ ਹਾਂ ਇਹ ਸੁੰਨਤ ਕਿਸ ਤਰ੍ਹਾਂ ਲਾਗੂ ਹੋ ਸਕਦਾ ਹੈ?

ਹੁਣ ਪਹਿਲਾਂ, ਮੈਂ 16 ਆਇਤ ਨੂੰ ਪੜ੍ਹਨਾ ਚਾਹੁੰਦਾ ਹਾਂ।

> *ਹੁਣ ਅਬਰਾਹਾਮ ਅਤੇ ਉਸਦੇ ਵੰਸ਼ ਨੂੰ ਵਚਨ ਦਿੱਤੇ ਗਏ ਸਨ।* (ਅਬਰਾਹਾਮ ਅਤੇ ਉਸਦੀ ਵੰਸ਼!) *ਉਹ ਨਹੀਂ ਕਹਿੰਦਾ ਹੈ ਅੰਸ਼ਾਂ ਨੂੰ...*

ਬਸ ਕੋਈ ਆਖਦਾ ਹੈ..."ਔਹ, ਮੈਂ ਵੀ ਅਬਰਾਹਾਮ ਦੀ ਵੰਸ਼ ਹਾਂ, ਨਹੀਂ"। ਇੱਕ "ਵੰਸ਼" ਨੂੰ, ਅਬਰਾਹਾਮ ਦੇ ਵੰਸ਼!

> *...ਨਾ ਕਿ ਵੰਸ਼ਾਂ, ਜਿਵੇਂ ਕਿ ਬਹੁਤ ਸਾਰੇ; ਪਰ ਇੱਕ ਵੰਸ਼ ਨੂੰ, ਅਤੇ—ਅਤੇ ਤੇਰੀ...ਵੰਸ਼ ਨੂੰ, ਜੋ ਕਿ ਮਸੀਹ ਹੈ।*

41 ਮਸੀਹ ਅਬਰਾਹਾਮ ਦੀ ਸੰਤਾਨ ਸੀ। ਕੀ ਤੁਸੀਂ ਇਸ ਗੱਲ ਦਾ ਵਿਸ਼ਵਾਸ ਕਰਦੇ ਹੋ? [ਸਭਾ ਕਹਿੰਦੀ ਹੈ, "ਅਮੀਨ"—ਸੰਪਾ] ਠੀਕ ਹੈ। ਹੁਣ ਆਓ ਅਸੀਂ 28 ਅਤੇ 29 ਆਇਤ ਵੱਲ ਚੱਲੀਏ।

> *ਹੁਣ ਨਾ ਕੋਈ ਯੂਨਾਨੀ, ਨਾ ਯਹੂਦੀ, ਨਾ ਗੁਲਾਮ ਨਾ ਆਜਾਦ, ਨਾ ਨਰ ਨਾ ਨਾਰੀ, ਕਿਉਂਕਿ ਅਸੀਂ ਸਾਰੇ ਮਸੀਹ ਯਿਸੂ ਵਿੱਚ ਇੱਕ ਹਾਂ।*
>
> *ਅਤੇ ਜੇ ਤੁਸੀਂ ਮਸੀਹ ਦੇ ਹੋ ਤਾਂ ਅਬਰਾਹਾਮ ਦਾ ਵੰਸ਼ ਅਤੇ ਵਾਅਦੇ ਦੇ ਅਨੁਸਾਰ ਵਾਰਿਸ ਵੀ ਹੋਵੋਗੇ।*

ਕਿਵੇਂ ਅਸੀਂ ਅਬਰਾਹਾਮ ਦਾ ਵੰਸ਼ ਬਣਦੇ ਹਾਂ, ਮਸੀਹ ਵਿੱਚ ਹੋਣ ਦੇ ਰਾਹੀਂ ਜਦੋਂ ਅਸੀਂ ਮਸੀਹ ਵਿੱਚ ਆ ਜਾਂਦੇ ਹਾਂ ਤਾਂ ਅਸੀਂ ਅਬਰਾਹਾਮ ਦੇ ਸੰਤਾਨ ਬਣ

ਜਾਂਦੇ ਹਾਂ ਅਤੇ ਅਬਰਾਹਾਮ ਦੀ ਵੰਸ਼ ਕੀ ਹੈ? ਜਦੋਂ ਅਸੀਂ ਰੋਮੀਆਂ 4 ਅਤੇ ਹੋਰਨਾਂ ਅਲੱਗ ਅਲੱਗ ਹਵਾਲਿਆਂ ਨੂੰ ਵੇਖਦੇ ਹਾਂ ਤਾਂ।।

ਜਦੋਂ ਅਬਰਾਹਾਮ ਦੀ ਸੁੰਨਤ ਹੋਈ ਸੀ ਉਸ ਸਮੇਂ ਉਸ ਨਾਲ ਕਦੇ ਵੀ ਵਾਦਾ ਨਹੀਂ ਕੀਤਾ ਗਿਆ। ਪਰ ਇਸ ਤੋਂ *ਪਹਿਲਾਂ* ਕਿ ਉਸ ਦੀ ਸੁੰਨਤ ਹੋਵੇ, ਉਹ ਵਾਅਦੇ ਨੂੰ ਪ੍ਰਾਪਤ ਕਰ ਚੁੱਕਾ ਸੀ ਅਤੇ ਸੁੰਨਤ ਤਾਂ ਬਸ ਇੱਕ ਨਿਸ਼ਾਨ ਸੀ ਅਤੇ ਇਹ ਤਾਂ ਉਸ ਦੇ ਉੱਤੇ ਉਸ ਵਿਸ਼ਵਾਸ ਦੀ ਪਹਿਚਾਣ ਦੇ ਰੂਪ ਵਿੱਚ ਨਿਸ਼ਾਨ ਸੀ ਜੋ ਕਿ ਉਸ ਦੀ ਸੁੰਨਤ ਤੋਂ ਪਹਿਲਾਂ ਸੀ।

42 ਹੁਣ ਜਦੋਂ ਅਸੀਂ ਮਸੀਹ ਵਿੱਚ ਹਾਂ ਤਾਂ ਅਸੀਂ ਅਬਰਾਹਾਮ ਦੀ ਸੰਤਾਨ ਹਾਂ, ਅਸੀਂ ਮਸੀਹ ਦੇ ਨਾਲ ਵਾਰਿਸ ਵੀ ਹੁੰਦੇ ਹਾਂ। ਇਸ ਲਈ ਇਸ ਨਾਲ ਕੋਈ ਮਤਲਬ ਨਹੀਂ ਕਿ ਅਸੀਂ ਕੌਣ ਹਾਂ, ਯਹੂਦੀ ਜਾਂ ਪਰਾਈ ਕੌਮ ਦੇ।

ਅਤੇ, "ਅਬਰਾਹਾਮ ਦਾ ਵੰਸ਼", ਅਬਰਾਹਾਮ ਦਾ ਵੰਸ਼ ਦੇ ਕੋਲ ਅਬਰਾਹਾਮ ਦਾ ਵਿਸ਼ਵਾਸ ਸੀ ਜੋ ਪਰਮੇਸ਼ਵਰ ਨੂੰ ਉਸ ਦੇ ਵਚਨ ਦੇ ਅਨੁਸਾਰ ਲੈਂਦੇ ਹਨ। ਬਾਵਜੂਦ ਇਸਦੇ ਕਿ ਇਹ ਕਿੰਨਾ ਅਸਧਾਰਨ ਕੰਮ ਕਰਦੇ ਹੋ, ਇਹ ਕਿੰਨਾ ਅਜੀਬ ਵਿਖਾਈ ਦਿੰਦਾ ਹੈ, ਤੁਸੀਂ ਤਾਂ ਬਸ ਕਿਸੇ ਵੀ ਗੱਲ ਦੀ ਪਰਵਾਹ ਨਾ ਕਰਦੇ ਹੋਏ ਪਰਮੇਸ਼ਵਰ ਨੂੰ ਉਸਦੇ ਵਚਨ ਸਮੇਤ ਕਬੂਲ ਕਰਦੇ ਹੋ।

43 ਅਬਰਾਹਾਮ ਨੇ ਪਝੱਤਰ ਅਤੇ ਸਾਰਾਹ ਨੇ ਪੈਂਹਟ ਸਾਲਾਂ ਦੀ ਉਮਰ ਵਿੱਚ ਪਰਮੇਸ਼ਵਰ ਨੂੰ ਉਸਦੇ ਵਚਨ ਸਮੇਤ ਕਬੂਲ ਕੀਤਾ, ਅਤੇ ਕਿਸੇ ਵੀ ਵਿਰੋਧੀ ਗੱਲ ਨੂੰ ਇਉਂ ਲਿਆ ਕਿ ਮੰਨੋ ਉਹ ਹੈ ਹੀ ਨਹੀਂ। ਤੁਸੀਂ ਕੀ ਸੋਚਦੇ ਹੋ ਕਿ ਡਾਕਟਰਾਂ ਨੇ ਉਸ ਦਿਨ ਕੀ ਸੋਚਿਆ ਹੋਵੇਗਾ? ਤੁਸੀਂ ਕੀ ਸੋਚਦੇ ਹੋ ਕਿ ਲੋਕਾਂ ਨੇ ਕੀ ਸੋਚਿਆ ਹੋਵੇਗਾ ਜਦੋਂ ਉਹਨਾਂ ਨੇ ਇੱਕ ਬੁੱਢੇ ਆਦਮੀ ਨੂੰ ਜਿਸਦੀ ਉਮਰ ਪਝੱਤਰ ਸਾਲ ਦੀ ਸੀ ਪਰਮੇਸ਼ਵਰ ਦੀ ਵਡਿਆਈ ਕਰਦੇ ਹੋਏ ਅਤੇ ਇਹ ਆਖਦੇ ਹੋਏ ਮੇਰੀ ਪਤਨੀ ਰਾਹੀਂ "ਮੇਰੇ ਇੱਕ ਪੁੱਤਰ ਹੋਵੇਗਾ", ਸੁਣਿਆ ਹੋਵੇਗਾ, ਜਦੋਂ ਉਸਦੀ ਪਤਨੀ ਪੈਹਟ ਸਾਲਾਂ ਦੀ ਸੀ ਅਤੇ ਉਸਦੀ ਮਹਾਂਵਾਰੀ ਬੰਦ ਹੋਈ ਨੂੰ ਵੀ ਪੰਝੀ ਸਾਲ ਹੋ ਚੁੱਕੇ ਸਨ? ਪਰ ਤੁਸੀਂ ਵੇਖੋ ਕਿ ਅਬਰਾਹਾਮ ਦਾ ਵਿਸ਼ਵਾਸ ਤੁਹਾਡੇ ਕੋਲੋਂ ਅਜੀਬ ਕੰਮ ਕਰਵਾਉਂਦਾ ਹੈ।

44 ਅਤੇ ਜਦੋਂ ਪਵਿੱਤਰ ਆਤਮਾ ਤੁਹਾਡੀ ਸੁੰਨਤ ਕਰ ਦਿੰਦਾ ਹੈ, ਤਾਂ ਉਹ ਤੁਹਾਡੇ ਨਾਲ ਵੀ ਇਸੇ ਤਰ੍ਹਾਂ ਹੀ ਕਰਦਾ ਹੈ। ਉਹ ਤੁਹਾਡੇ ਕੋਲੋਂ ਉਹਨਾਂ ਕੰਮਾਂ ਨੂੰ ਕਰਵਾਉਂਦਾ ਹੈ ਜਿਹਨਾਂ ਬਾਰੇ ਤੁਸੀਂ ਨਹੀਂ ਸੀ ਸੋਚਿਆ ਕਿ ਤੁਸੀਂ ਉਹਨਾਂ ਨੂੰ ਕਰੋਗੇ। ਉਹ ਤੁਹਾਡੇ ਕੋਲੋਂ ਪਰਮੇਸ਼ਵਰ ਦਾ ਵਾਦਾ ਕਬੂਲ ਕਰਵਾਉਂਦਾ ਹੈ ਅਤੇ ਪਰਮੇਸ਼ਵਰ ਉੱਤੇ ਵਿਸ਼ਵਾਸ ਕਰਵਾਉਂਦਾ ਹੈ।

45 ਹੁਣ, ਵੇਖੋ ਕਿ ਇਹ, ਵਾਅਦੇ ਇਹ—ਇਹ ਚਿੰਨ੍ਹ ਤੋਂ ਇਲਾਵਾ ਹੈ ਅਤੇ ਇਹ ਇੱਕ ਮੋਹਰ ਵੀ ਹੈ। ਹੁਣ ਕੀ ਤੁਸੀਂ ਮੇਰੇ ਨਾਲ ਰੋਮੀਆਂ ਦੀ ਪੱਤਰੀ ਕੱਢੋਗੇ? ਪਰ, ਮੈਂ ਸਭ ਤੋਂ ਪਹਿਲਾਂ ਚਾਹੁੰਦਾ ਹਾਂ ਕਿ ਤੁਸੀਂ ਮੇਰੇ ਨਾਲ ਅਫ਼ਸੀਆਂ 4:30 ਕੱਢੋ, ਅਤੇ ਆਓ ਅਸੀਂ ਇਸ ਨੂੰ ਇੱਕ ਮਿੰਟ ਦੇ ਲਈ ਪੜ੍ਹੀਏ। ਅਫ਼ਸੀਆਂ 4:30 ਇਉਂ ਆਖਦੀ ਹੈ।

ਹੁਣ ਤੁਸੀਂ ਸੁਣਿਆ ਹੋਵੇਗਾ ਬਹੁਤ ਸਾਰੇ ਲੋਕ ਆਖਦੇ ਹਨ ਕਿ ਅਲੱਗ ਅਲੱਗ ਚੀਜ਼ਾਂ ਮੋਹਰ ਹਨ। ਕੋਈ ਕਹਿੰਦਾ ਹੈ "ਜੇ ਕਰ ਤੁਸੀਂ ਫਲਾਣੇ ਗਿਰਜੇ ਜਾਣਦੇ ਹੋ ਤਾਂ ਤੁਹਾਡੇ ਉੱਤੇ ਉਸ ਗਿਰਜੇ ਦੀ ਮੋਹਰ ਹੁੰਦੀ ਹੈ"। ਕੁਝ ਲੋਕ ਆਖਦੇ ਹਨ ਕਿ "ਕਿਸੇ ਦਿਨ ਨੂੰ ਮਨਾਉਣਾ ਹੀ ਮੋਹਰ ਹੈ, ਸਬਤ ਦਾ ਦਿਨ ਹੀ—ਹੀ ਪਰਮੇਸ਼ਵਰ ਦੀ ਮੋਹਰ ਹੈ"। ਕੁਝ ਲੋਕ ਆਖਦੇ ਹਨ ਜੇਕਰ "ਅਸੀਂ ਕਿਸੇ ਫਲਾਣੀ ਫਲਾਣੀ ਕਲੀਸੀਆ ਦੇ ਮੈਂਬਰ ਹਾਂ ਤਾਂ ਸਾਡੇ ਉੱਤੇ ਪਰਮੇਸ਼ਵਰ ਦੇ ਰਾਜ ਦੀ ਮੋਹਰ ਹੋ ਜਾਂਦੀ ਹੈ"।

46 ਹੁਣ ਬਾਈਬਲ ਕਹਿੰਦੀ ਹੈ, "ਹਰੇਕ ਮਨੁੱਖ ਦੀ ਗੱਲ ਝੂਠੀ ਅਤੇ ਪਰਮੇਸ਼ਵਰ ਦਾ ਵਚਨ ਸੱਚ ਠਹਿਰੇ"। ਹੁਣ ਅਫ਼ਸੀਆਂ 4:30 ਵਿੱਚ ਇਸ ਤਰ੍ਹਾਂ ਲਿਖਿਆ ਹੋਇਆ ਹੈ,

> *ਅਤੇ ਪਰਮੇਸ਼ਵਰ ਦੇ ਆਤਮਾ ਨੂੰ ਦੁਖੀ ਨ ਕਰੋ, ਜਿਸ ਨਾਲ ਤੁਹਾਡੇ ਉੱਤੇ ਛੁਟਕਾਰੇ ਦੇ ਦਿਨ ਤੀਕ ਮੋਹਰ ਲੱਗੀ ਹੋਈ ਹੈ।*

47 ਹੁਣ ਮੈਂ ਇਸ ਉੱਤੇ ਥੋੜ੍ਹੀਆਂ ਸਖਤ ਗੱਲਾਂ ਕਰਨ ਜਾਂ ਰਿਹਾ ਹਾਂ। ਹੁਣ ਤੁਸੀਂ, ਕਾਨੂੰਨ ਨਾਲ ਸੰਬੰਧ ਰੱਖਣ ਵਾਲੇ ਭਾਈਓ ਤੁਸੀਂ ਥੋੜ੍ਹੀ ਦੇਰ ਲਈ ਸ਼ਾਂਤ ਰਹੋ। ਸਮਝੇ? ਕੀ ਤੁਸੀਂ ਧਿਆਨ ਦਿੱਤਾ ਹੈ ਕਿ ਉਹ ਮੋਹਰ ਕਦੋਂ ਤਕ ਰਹਿੰਦੀ ਹੈ? ਅਜਿਹਾ ਨਹੀਂ ਕਿ ਉਹ ਅਗਲੀ ਬੇਦਾਰੀ ਤਕ ਰਹੇ, ਜਦੋਂ ਤਕ ਕਿ ਅਗਲੀ ਵਾਰ ਕੁਝ ਗਲਤ ਨਹੀਂ ਹੁੰਦਾ। "ਤੁਹਾਡੇ ਛੁਟਕਾਰੇ ਦੇ ਦਿਨ ਤਕ ਹੈ," ਇੰਨੇ ਸਮੇ ਤਕ ਉਹ ਤੁਹਾਡੇ ਉਤੇ ਮੋਹਰ ਲੱਗੀ ਰਹਿੰਦੀ ਹੈ। "ਤੁਹਾਡੇ ਉੱਤੇ ਛੁਟਕਾਰੇ ਦੇ ਦਿਨ ਤਕ," ਮੋਹਰ ਲੱਗ ਜਾਂਦੀ ਹੈ ਜਦੋਂ ਤੁਹਾਡਾ ਛੁਟਕਾਰਾ ਨਹੀਂ ਹੋ ਜਾਂਦਾ ਹੈ ਕਿ ਤੁਸੀਂ ਪਰਮੇਸਵਰ ਦੇ ਨਾਲ ਰਹੋ ਤਾਂ ਪਵਿੱਤਰ ਆਤਮ ਉਸ ਸਮੇਂ ਤਕ ਤੁਹਾਡੇ ਉੱਤੇ ਮੋਹਰ ਲੱਗਾ ਦਿੰਦਾ ਹੈ। ਅਜਿਹਾ ਨਹੀਂ ਕਿ ਉਹ ਮੋਹਰ ਤੁਹਾਡੇ ਉੱਤੇ ਇੱਕ ਬੇਦਾਰੀ ਤੋਂ ਲਈ ਕੇ ਦੂਸਰੀ ਬੇਦਾਰੀ ਤਕ ਰਹਿੰਦੀ ਹੈ। ਪਰ ਤੁਹਾਡੇ ਉੱਤੇ ਤਾਂ ਪਵਿੱਤਰ ਆਤਮ ਦੇ ਰਾਹੀਂ ਅਨੰਤਤਾ ਤੋਂ ਅਨੰਤਤਾ ਤਕ ਮੋਹਰ ਲੱਗ ਜਾਂਦੀ ਹੈ।

ਇਹੋ ਹੀ ਪਵਿੱਤਰ ਆਤਮਾ ਹੈ, ਇਹ ਪਰਮੇਸ਼ਵਰ ਦੀ ਮੋਹਰ ਹੈ, ਕਿ ਤੁਸੀਂ ਉਸਦੀਆਂ ਨਜਰਾਂ…ਵਿੱਚ ਕਿਰਪਾ ਪਾਈ ਹੋਈ ਹੈ, ਅਤੇ ਉਹ ਤੁਹਾਡੇ ਨਾਲ

ਪਿਆਰ ਕਰਦਾ ਹੈ, ਅਤੇ ਉਹ ਤੁਹਾਡੇ ਤੇ ਵਿਸ਼ਵਾਸ ਕਰਦਾ ਹੈ। ਅਤੇ ਉਹ ਤੁਹਾਡੇ ਤੇ ਆਪਣੀ ਮੋਹਰ ਲੱਗਾ ਦਿੰਦਾ ਹੈ। ਇੱਕ ਮੋਹਰ ਕੀ ਹੈ? ਕੋਈ... ਕਿਉਂ ਇੱਕ *ਮੋਹਰ* ਦਾ ਮਤਲਬ ਹੈ, "ਪੂਰਾ ਕੀਤਾ ਹੋਇਆ ਕੰਮ" ਆਮੀਨ ਪਰਮੇਸ਼ਵਰ ਨੇ ਤੁਹਾਨੂੰ ਬਚਾਇਆ ਹੈ, ਤੁਹਾਨੂੰ ਪਵਿੱਤਰ ਕੀਤਾ ਹੈ, ਤੁਹਾਨੂੰ ਸ਼ੁੱਧ ਕੀਤਾ ਹੈ, ਤੁਸੀਂ ਉਸ ਤੋਂ ਕਿਰਪਾ ਪਾਈ ਹੋਈ ਹੈ, ਅਤੇ ਉਸਨੇ ਤੁਹਾਡੇ ਤੇ ਮੋਹਰ ਲਗਾਈ ਹੈ। ਉਸਨੇ ਕੰਮ ਨੂੰ ਪੂਰਾ ਕਰ ਦਿੱਤਾ ਹੈ। ਤੁਸੀਂ ਆਪਣੇ ਛੁਟਕਾਰੇ ਦੇ ਦਿਨ ਤਕ ਉਸ ਦਾ ਉਤਪਾਦ ਹੋ। *ਮੋਹਰ* ਲੱਗੀ ਹੋਈ ਉਹ ਚੀਜ਼ ਹੁੰਦੀ ਹੈ ਜੋ ਮੁਕੰਮਲ ਕਰ ਦਿੱਤੀ ਗਈ ਹੋਵੇ।

ਪਵਿੱਤਰ ਆਤਮਾ ਕੀ ਹੈ? ਇਹ ਇੱਕ ਚਿੰਨ੍ਹ ਹੈ। ਅਸੀਂ ਇਸ ਉੱਤੇ ਥੋੜ੍ਹੀ ਦੇਰ ਬਾਅਦ ਆਵਾਂਗੇ, ਅਸੀਂ ਇਸਨੂੰ ਕਿਸੇ ਦੂਸਰੇ ਸੰਦੇਸ਼ ਵਿੱਚ ਵੇਖਾਂਗੇ ਕਿ ਇਹ ਉਹ ਚਿੰਨ੍ਹ ਹੈ ਜਿਸਦੇ ਬਾਰੇ ਪੋਲੂਸ ਨੇ ਆਖਿਆ ਹੈ। ਪਰਾਈ ਭਾਖਿਆ ਵਿੱਚ ਬੋਲਣ ਵਾਲੇ ਵਿਸ਼ਵਾਸੀਆਂ ਦੇ ਲਈ।। ਵਚਨ ਵਿਸ਼ਵਾਸੀਆਂ ਦੇ ਲਈ ਹੈ।

48 ਹੁਣ ਧਿਆਨ ਦਿਓ ਇਸ ਵਿੱਚ ਅਸੀਂ ਵੇਖਿਆ ਕਿ ਪਵਿੱਤਰ ਆਤਮਾ ਇੱਕ ਚਿੰਨ੍ਹ ਹੈ। ਮੇਰਾ ਮਤਲਬ ਕਿ ਪਵਿੱਤਰ ਆਤਮਾ ਇੱਕ ਮੋਹਰ ਹੈ। ਇਹ ਇੱਕ ਚਿੰਨ੍ਹ ਹੈ ਜੋ ਪਰਮੇਸ਼ਵਰ ਆਪਣੇ ਚੁਣੇ ਹੋਏ ਬੱਚਿਆਂ ਨੂੰ ਦਿੰਦਾ ਹੈ। ਇਸ ਨੂੰ ਠੁਕਰਾਉਣਾ, ਆਪਣੇ ਆਪ ਨੂੰ ਉਹਨਾਂ ਲੋਕਾਂ ਨਾਲੋਂ ਅਲੱਗ ਕਰ ਲੈਣ ਹੁੰਦਾ ਹੈ; ਅਤੇ ਇਸਨੂੰ ਕਬੂਲ ਕਰਨਾ ਆਪਣੇ ਆਪ ਨੂੰ ਦੁਨੀਆਂ ਅਤੇ ਦੁਨਿਆਵੀ ਵਸਤਾਂ ਦੇ ਲਈ ਸਮਾਪਤ ਕਰਨਾ, ਅਤੇ ਪਰਮੇਸ਼ਵਰ ਦਾ ਉਤਪਾਦਨ ਬਣਨਾ ਹੁੰਦਾ ਹੈ, ਜਿਸ ਉੱਤੇ ਪਰਮੇਸ਼ਵਰ ਨੇ ਸਵੀਕਾਰ ਕਰਨ ਦੀ ਮੋਹਰ ਲਗਾਈ ਹੋਈ ਹੈ।

49 ਮੈਂ ਇੱਥੇ ਹੈਰੀ ਵੱਟੇਰਬੇਰੀ ਦੇ ਨਾਲ ਰੇਲਰੋੜ ਕੰਪਨੀ ਵਿੱਚ ਕੰਮ ਕਰਦਾ ਹੁੰਦਾ ਸੀ, ਅਤੇ ਗੱਡੀ ਵਿੱਚ ਮਾਲ ਲਦਨ ਜਾਂਦੇ ਸੀ। ਮੇਰਾ ਭਰਾ, ਡੋਕ, ਪਿੱਛੇ ਓਥੇ ਖੜਾ ਹੁੰਦਾ ਸੀ, ਮਾਲ ਲਦਨ ਵਿੱਚ ਮੱਦਦ ਕਰਨ ਲਈ। ਜਦੋਂ ਮਾਲ ਗੱਡੀ ਵਿੱਚ ਲੱਦ ਦਿੱਤਾ ਜਾਂਦਾ ਸੀ ਤਾਂ ਇੰਸਪੈਕਟਰ ਉਸਨੂੰ ਚੰਗੀ ਤਰ੍ਹਾਂ ਚੈੱਕ ਕਰਦਾ ਹੁੰਦਾ ਸੀ, ਜੇਕਰ ਉਹ ਕਿਸੇ ਚੀਜ਼ ਨੂੰ ਚੰਗੀ ਤਰ੍ਹਾਂ ਨਾਲ ਨਾ ਭਰੀ ਹੋਈ ਅਤੇ ਢਿੱਲੀ ਵੇਖਦਾ, ਜਿੱਥੋਂ ਕਿ ਉਹ ਡਿੱਗ ਜਾਵੇਗੀ ਅਤੇ ਟੁੱਟ ਜਾਵੇਗੀ, ਜਾਂ ਕੋਈ ਵੀ ਚੀਜ਼ ਤਬਾਹ ਹੋ ਜਾਵੇਗੀ ਤਾਂ ਉਸ ਸਮੇਂ ਤਕ ਉਸ ਮਾਲ ਗੱਡੀ ਉੱਤੇ ਮੋਹਰ ਨਹੀਂ ਲਗਾਉਂਦਾ ਜਦੋਂ ਤਕ ਕਿ ਸਾਰਾ ਸਮਾਨ ਸਹੀ ਢੰਗ ਨਾਲ ਉਸ ਉੱਤੇ ਲੱਦ ਨਹੀਂ ਦਿੱਤਾ ਜਾਂਦਾ ਕਿ ਗੱਡੀ ਦੇ ਚੱਲਣ ਰਾਹੀਂ ਜੋ ਸਮਾਨ ਗੱਡੀ ਦੇ ਅੰਦਰ ਹੈ, ਕਿਤੇ ਹਿੱਲਣ ਦੇ ਨਾਲ ਟੁੱਟ ਨਾ ਜਾਵੇ।

50 ਇਹੋ ਹੀ ਗੱਲ ਸਾਡੇ ਨਾਲ ਹੈ। ਸਾਡੇ ਉੱਤੇ ਬਹੁਤ ਜਿਆਦਾ ਮੋਹਰ ਨਹੀਂ ਲੱਗਦੀ ਕਿਉਂਕਿ ਅਸੀਂ ਬਹੁਤ ਸਾਰੀਆਂ ਗੱਲਾਂ ਲਈ ਢਿੱਲੇ ਹਾਂ ਜਦੋਂ ਉਹ ਮਹਾਨ ਇੰਸਪੈਕਟਰ ਤੁਹਾਡੇ ਜੀਵਨ ਦੀ ਜਾਂਚ ਕਰਦਾ ਹੈ ਤਾਂ ਕਿ ਇਹ ਵੇਖੋ ਕਿ ਤੁਸੀਂ ਕੁਝ ਗੱਲਾਂ ਦੇ ਬਾਰੇ ਢਿੱਲੇ ਤਾਂ ਨਹੀਂ ਤਾਂ ਉਹ ਵੇਖਦਾ ਹੈ ਕਿ ਤੁਸੀਂ ਪ੍ਰਾਰਥਨਾ ਕਰਨ ਵਿੱਚ ਢਿੱਲੇ ਤਾਂ ਨਹੀਂ, ਕਿਤੇ ਤੁਸੀਂ ਸੰਯਮ ਰੱਖਣ ਵਿੱਚ ਢਿੱਲੇ ਤਾਂ ਨਹੀਂ, ਕਿਤੇ ਤੁਸੀਂ ਆਪਣੀ ਜੁਬਾਨ ਦੇ ਪ੍ਰਤੀ ਢਿੱਲੇ ਤਾਂ ਨਹੀਂ ਕਿਤੇ ਤੁਸੀਂ ਹੋਰਨਾਂ ਗੰਦੀਆਂ ਗੱਲਾਂ, ਦੇ ਪ੍ਰਤੀ ਢਿੱਲੇ ਤਾਂ ਨਹੀਂ, ਉਹ ਅਜਿਹੀ ਗੱਡੀ ਉੱਤੇ ਮੋਹਰ ਨਹੀਂ ਲਗਾਵੇਗਾ। ਜੇਕਰ ਕਿਸੇ ਗੱਡੀ ਵਿੱਚ ਕੁਝ ਗੰਦੀਆਂ ਆਦਤਾਂ ਹਨ, ਕੁਝ ਨੀਚ ਆਦਤਾਂ ਹਨ, ਦਿਮਾਗ ਵਿੱਚ ਅਸ਼ਿਸ਼ਟਤਾ ਦੀਆਂ ਕੁਝ ਗੱਲਾਂ ਹਨ ਤਾਂ ਉਹ ਅਜਿਹੀ ਗੱਡੀ ਉੱਤੇ ਮੋਹਰ ਨਹੀਂ ਲੱਗਾ ਸਕਦਾ।

ਪਰ ਜਦੋਂ ਇੰਸਪੈਕਟਰ ਸਾਰੀਆਂ ਚੀਜ਼ਾਂ ਸਹੀ ਪਾਉਂਦਾ ਹੈ ਤਾਂ ਉਹ ਉਸ ਉੱਤੇ ਮੋਹਰ ਲੱਗਾ ਦਿੰਦਾ ਹੈ। ਕੋਈ ਵੀ ਆਦਮੀ ਉਸ ਗੱਡੀ ਦੀ ਮੋਹਰ ਨੂੰ ਖੋਲਣ ਦਾ ਹੋਂਸਲਾ ਉਦੋਂ ਤਕ ਨਹੀਂ ਕਰ ਸਕਦਾ ਜਦੋਂ ਤਕ ਕਿ ਉਹ ਆਪਣੀ ਮੰਜਿਲ ਤਕ ਨਹੀਂ ਪਹੁੰਚ ਜਾਂਦਾ, ਜਿੱਥੇ ਜਾਣ ਲਈ ਉਸ ਉੱਤੇ ਮੋਹਰ ਲਗਾਈ ਗਈ ਹੈ। ਅਜਿਹਾ ਹੀ ਹੈ। “ਮੇਰੇ ਮਸਹ ਕਿਤੇ ਹੋਇਆਂ ਨੂੰ ਨਾ ਛੂਹੋ ਅਤੇ ਨਾ ਹੀ ਮੇਰੇ ਨਬੀਆਂ ਦੀ ਹਾਨੀ ਕਰੋ। ਕਿਉਂਕਿ ਮੈਂ ਤੁਹਾਨੂੰ ਆਖਦਾ ਹਾਂ ਕਿਉਂਕਿ ਜੇ ਤੁਸੀਂ ਇਹਨਾਂ ਛੋਟੇ ਤੋਂ ਛੋਟੇ ਨੂੰ ਜਿਨ੍ਹਾਂ ਉੱਤੇ ਮੋਹਰ ਲਗਾਈ ਹੈ ਦੁਖੀ ਕਰਨ ਦੀ ਕੋਸ਼ਿਸ਼ ਕਰੋ ਤਾਂ ਤੁਹਾਡੇ ਲਈ ਚੰਗਾ ਹੁੰਦਾ ਕਿ ਤੁਹਾਡੇ ਗੱਲ ਵਿੱਚ ਚੱਕੀ ਦਾ ਪੁੜ ਲਟਕਾਇਆ ਜਾਂਦਾ ਅਤੇ ਡੂੰਘੇ ਸਮੁੰਦਰ ਵਿੱਚ ਸੁੱਟ ਦਿੱਤਾ ਜਾਂਦਾ”। ਕੀ ਤੁਸੀਂ ਸਮਝੇ ਮੇਰੇ ਕਹਿਣ ਦਾ ਕੀ ਮਤਲਬ ਹੈ?

51 ਇਹੋ ਹੀ ਪਵਿੱਤਰ ਆਤਮਾ ਹੈ। ਇਹ ਨਿਸ਼ਚਿਤਤਾ ਹੈ, ਇਹ ਤੁਹਾਡੀ ਸੁਰੱਖਿਆ ਹੈ, ਇਹ ਤੁਹਾਡੀ ਗਵਾਹੀ ਹੈ, ਇਹ ਤੁਹਾਡੀ ਮੋਹਰ ਹੈ, ਇਹ ਤੁਹਾਡਾ ਚਿੰਨ੍ਹ ਹੈ ਕਿ “ਮੈਂ ਸਵਰਗ ਨਾਲ ਬੱਝਿਆ ਹੋਇਆ ਹਾਂ”। ਮੈਂ ਇਸਦੀ ਪਰਵਾਹ ਨਹੀਂ ਕਰਦਾ ਕਿ ਸ਼ੈਤਾਨ ਕੀ ਆਖਦਾ ਹੈ। ਮੈਂ ਤਾਂ ਸਵਰਗ ਨਾਲ ਬੱਝਿਆ ਹੋਇਆ ਹਾਂ। ਕਿਉਂ? ਪਰਮੇਸ਼ਵਰ ਨੇ ਮੈਨੂੰ ਮੋਹਰਬੰਦ ਕੀਤਾ ਉਸਨੇ ਮੈਨੂੰ ਪਵਿੱਤਰ ਆਤਮ ਦਿੱਤਾ ਹੈ। ਉਸਨੇ ਮੇਰੇ ਉੱਤੇ ਆਪਣੇ ਰਾਜ ਦੀ ਮੋਹਰ ਲਗਾਈ ਹੈ, ਮੈਂ ਤਾਂ ਮਹਿਮਾ ਨਾਲ ਬੱਝਿਆ ਹੋਇਆ ਹਾਂ। ਭਾਵੇਂ ਹਨੇਰੀਆਂ ਚੱਲਣ, ਸ਼ੈਤਾਨ ਜੋ ਕਰਨ ਚਾਹੁੰਦਾ ਹੈ ਕਰੇ ਪਰਮੇਸ਼ਵਰ ਨੇ ਤਾਂ ਮੇਰੇ ਉੱਤੇ ਛੁਟਕਾਰੇ ਦੇ ਦਿਨ ਤਕ ਮੋਹਰ ਲੱਗਾ ਦਿੱਤੀ ਹੈ। ਆਮੀਨ। ਇਹੋ ਹੀ ਪਵਿੱਤਰ ਆਤਮਾ ਹੈ। ਔਹ, ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਇਸ ਨੂੰ ਪ੍ਰਾਪਤ ਕਰੋ। ਮੈਂ ਇਸ ਤੋਂ ਬਿਨਾਂ ਨਹੀਂ ਚੱਲ ਸਕਦਾ। ਇਸ ਦੇ ਬਾਰੇ ਬਹੁਤ ਕੁਝ ਆਖਿਆ

ਜਾ ਸਕਦਾ ਹੈ, ਪਰ ਮੈਨੂੰ ਯਕੀਨ ਹੈ ਕਿ ਤੁਸੀਂ ਜਾਣਦੇ ਹੋ ਕਿ ਮੈਂ ਕੀ ਆਖ ਰਿਹਾ ਹਾਂ।

52 ਹੁਣ ਆਓ ਇੱਕ ਮਿੰਟ ਲਈ ਅਸੀਂ ਯੂਹੰਨਾ 14 ਕੱਢੀਏ। ਮੈਨੂੰ ਤਾਂ ਬਸ ਪ੍ਰਭੂ ਦਾ ਵਚਨ ਹੀ ਚੰਗਾ ਲੱਗਦਾ ਹੈ! ਕਿਉਂਕਿ ਇਹੋ ਹੀ ਸੱਚਾਈ ਹੈ।

53 ਹੁਣ, ਪਰਮੇਸ਼ਵਰ ਦਾ ਆਤਮਾ, ਪਵਿੱਤਰ ਆਤਮਾ।। ਪਵਿੱਤਰ ਆਤਮਾ ਕੀ ਹੈ? ਇਹ ਮਸੀਹ ਦਾ ਆਤਮਾ ਹੈ ਜੋ ਤੁਹਾਡੇ ਵਿੱਚ ਹੈ। ਹੁਣ, ਇਸ ਤੋਂ ਪਹਿਲਾਂ ਕਿ ਅਸੀਂ ਇਸ ਨੂੰ ਪੜ੍ਹੀਏ, ਮੈਂ ਇੱਥੇ ਕੁਝ ਟਿੱਪਣੀਆਂ ਕਰਨ ਜਾਂ ਰਿਹਾ ਹਾਂ। ਪਵਿੱਤਰ ਆਤਮਾ ਕੀ ਹੈ? ਇਹ ਇੱਕ ਮੋਹਰ ਹੈ। ਪਵਿੱਤਰ ਆਤਮਾ ਕੀ ਹੈ? ਇਹ ਇੱਕ ਨੇਮ ਹੈ। ਪਵਿੱਤਰ ਆਤਮਾ ਕੀ ਹੈ? ਇਹ ਇੱਕ ਚਿੰਨ੍ਹ ਹੈ। ਪਵਿੱਤਰ ਆਤਮਾ ਕੀ ਹੈ? ਇਹ...ਯਿਸੂ ਦਾ ਆਤਮਾ ਹੈ ਜੋ ਤੁਹਾਡੇ ਵਿੱਚ ਹੈ। ਸਮਝੇ? "ਥੋੜੀ ਦੇਰ ਹੈ", ਯਿਸੂ ਨੇ ਆਖਿਆ ਸੀ, "ਥੋੜ੍ਹੇ ਸਮੇਂ ਬਾਅਦ ਸੰਸਾਰ ਫਿਰ ਮੈਨੂੰ ਨ ਵੇਖੇਗਾ; ਪਰ ਤੁਸੀਂ ਮੈਨੂੰ ਵੇਖੋਂਗੇ ਕਿਉਂਕਿ ਮੈਂ ਤੁਹਾਡੇ ਸੰਗ ਹੋਵਾਂਗਾ, ਅਤੇ ਜਗਤ ਦੇ ਅੰਤ ਤਕ ਤੁਹਾਡੇ ਅੰਦਰ ਹੋਵਾਂਗਾ"। ਪਰਮੇਸ਼ਵਰ ਦਾ ਆਤਮਾ ਆਪਣੀ ਕਲੀਸੀਆ ਅੰਦਰ ਹੈ।

54 ਕਿਸ ਲਈ? ਉਸਨੇ ਅਜਿਹਾ ਕਿਸ ਲਈ ਕੀਤਾ ਸੀ? ਇਹ ਥੋੜਾ ਕਲ ਰਾਤ ਦੇ ਵਿਸ਼ੇ ਤੇ ਹੈ, ਉਸਨੇ ਅਜਿਹਾ ਕਿਸ ਲਈ ਕੀਤਾ ਸੀ। ਪਰ, ਉਸਨੇ ਕਿਓਂ ਅਜਿਹਾ ਕੀਤਾ ਸੀ, ਕਿਉਂ ਉਸਨੇ ਕੀਤਾ, ਕਿਓਂ ਪਵਿੱਤਰ ਆਤਮਾ... ਉਹ ਕਿਸ ਲਈ ਆਇਆ ਸੀ? ਉਹ ਕਿਸ ਲਈ ਤੁਹਾਡੇ ਅੰਦਰ ਆਉਂਦਾ ਹੈ, ਉਹ ਕਿਸ ਲਈ ਮੇਰੇ ਅੰਦਰ ਆਉਂਦਾ ਹੈ? ਤਾਂ ਕਿ ਪਰਮੇਸ਼ਵਰ ਦੇ ਕੰਮਾਂ ਨੂੰ ਜਾਰੀ ਰੱਖੇ।

55 "ਮੈਂ ਹਮੇਸ਼ਾ ਹੀ ਉਹ ਕੰਮ ਕਰਦਾ ਹਾਂ ਜਿਸ ਤੋਂ ਮੇਰਾ ਪਿਤਾ ਪ੍ਰਸੰਨ ਹੁੰਦਾ ਹੈ। ਮੈਂ ਆਪਣੀ ਇੱਛਾ ਪੂਰੀ ਕਰਨ ਦੇ ਲਈ ਨਹੀਂ ਆਪਣੇ ਪਿਤਾ ਦੀ ਮਰਜੀ ਪੂਰੀ ਕਰਨ ਲਈ ਆਇਆ ਹਾਂ ਜਿਸਨੇ ਮੈਨੂੰ ਘੱਲਿਆ ਹੈ ਅਤੇ ਪਿਤਾ ਜਿਸਨੇ ਮੈਨੂੰ ਘੱਲਿਆ ਹੈ ਮੇਰੇ ਸੰਗ ਹੈ; ਅਤੇ ਜਿਵੇਂ ਪਰਮੇਸ਼ਵਰ ਨੇ ਮੈਨੂੰ ਘੱਲਿਆ ਹੈ ਉਵੇਂ ਹੀ ਮੈਂ ਵੀ ਤੁਹਾਨੂੰ ਘੱਲਦਾ ਹਾਂ," ਐਹ ਮੇਰੇ! [ਭਾਈ ਬਰਨਹਮ ਆਪਣੇ ਦੋਹਾਂ ਹੱਥਾਂ ਨਾਲ ਦੋ ਵਾਰ ਤਾੜੀ ਵਜਾਉਂਦੇ ਹਨ—ਸੰਪਾ] ਪਰਮੇਸ਼ਵਰ ਪਿਤਾ ਜਿਸਨੇ ਉਸਨੂੰ ਘੱਲਿਆ ਸੀ ਉਸਦੇ ਅੰਦਰ ਚਲਾ ਗਿਆ। ਜਿਸ ਪਿਤਾ ਨੇ ਯਿਸੂ ਨੂੰ ਘੱਲਿਆ ਉਹ ਯਿਸੂ ਦੇ ਵਿੱਚ ਆ ਗਿਆ, ਅਤੇ ਉਸਨੇ ਯਿਸੂ ਵਿੱਚ ਹੋ ਕੇ ਕੰਮ ਕੀਤੇ।

ਉਹ ਯਿਸੂ ਜਿਸਨੇ ਤੁਹਾਨੂੰ ਘੱਲਿਆ ਹੈ ਤੁਹਾਡੇ ਨਾਲ ਜਾਂਦਾ ਹੈ ਅਤੇ ਉਹ ਤੁਹਾਡੇ ਨਾਲ ਹੈ ਅਤੇ ਜੇਕਰ ਉਸ ਆਤਮਾ ਨੇ ਜੋ ਯਿਸੂ ਮਸੀਹ ਵਿੱਚ ਵਾਸ

ਕਰ ਰਿਹਾ ਸੀ ਮਸੀਹ ਕੋਲੋਂ ਉਹਨਾਂ ਕੰਮਾਂ ਨੂੰ ਕਰਵਾਇਆ ਅਤੇ ਉਸੇ ਹੀ ਤਰ੍ਹਾਂ ਦੇ ਕੰਮ ਕਰਵਾਏ ਜਿਸ ਤਰ੍ਹਾਂ ਦੇ ਉਸਨੇ ਕੀਤੇ ਸਨ ਅਤੇ ਜੇਕਰ ਉਹ ਤੁਹਾਡੇ ਅੰਦਰ ਹੈ ਤਾਂ ਤੁਹਾਡੇ ਅੰਦਰ ਵੀ ਸਧਾਰਨ ਵਿਚਾਰ ਹੋਣਗੇ ਕਿ ਉਹ ਇਹਨਾਂ ਨੂੰ ਕਿਵੇਂ ਕਰਦੇ ਹਨ, ਕਿਉਂਕਿ ਜੀਵਨ ਨਹੀਂ ਬਦਲ ਸਕਦਾ। ਇਹ ਤਾਂ ਸ਼ਰੀਰ ਤੋਂ ਸ਼ਰੀਰ ਵਿੱਚ ਜਾਵੇਗਾ, ਕਿਉਂਕਿ ਉਹ ਆਪਣਾ ਸੁਭਾਅ ਨਹੀਂ ਬਦਲ ਸਕਦਾ, ਕਿਉਂਕਿ ਉਹ ਤਾਂ ਪਰਮੇਸ਼ਵਰ ਹੈ।

56 ਹੁਣ ਆਓ ਅਸੀਂ ਥੋੜ੍ਹੀ ਦੇਰ ਲਈ ਯੂਹੰਨਾ 14 ਅਧਿਆਏ ਦੀ 10 ਆਇਤ ਤੋਂ ਪੜ੍ਹਨਾ ਸ਼ੁਰੂ ਕਰੀਏ,

> *ਕੀ ਤੂੰ...ਸੱਚ ਨਹੀਂ ਮੰਨਦਾ ਹੈਂ ਕਿ ਮੈਂ ਪਿਤਾ ਵਿੱਚ ਅਤੇ ਪਿਤਾ ਮੇਰੇ ਵਿੱਚ ਹੈ? ਇਹ ਗੱਲਾਂ...ਜਿਹੜੀਆਂ ਮੈਂ ਤੁਹਾਨੂੰ ਆਖਦਾ ਹਾਂ ਆਪ ਤੋਂ ਨਹੀਂ ਆਖਦਾ ਪਰ ਪਿਤਾ ਮੇਰੇ ਵਿੱਚ ਰਹਿੰਦਿਆਂ ਆਪਣੇ ਕੰਮ ਕਰਦਾ ਹੈ।* (ਹੁਣ ਇਹਦੇ ਬਾਰੇ ਸੋਚੋ)

> *ਮੇਰੀ ਪ੍ਰਤੀਤ ਕਰੋ ਕਿ ਮੈਂ ਆਪਣੇ ਪਿਤਾ ਵਿੱਚ ਅਤੇ ਪਿਤਾ ਮੇਰੇ ਵਿੱਚ ਹੈ: ਨਹੀਂ ਤਾਂ ਕੰਮਾਂ ਦੇ ਕਾਰਣ ਹੀ ਮੇਰੀ ਪ੍ਰਤੀਤ ਕਰੋ।*

> *ਮੈਂ, ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੋ ਮੇਰੇ ਤੇ ਨਿਹਚਾ ਕਰਦਾ ਹੈ ਸੋ ਇਹ ਕੰਮ ਜਿਹਦੇ ਮੈਂ ਕਰਦਾ ਹਾਂ ਉਹ...ਵੀ ਕਰੇਗਾ; ਸਗੋਂ ਉਨ੍ਹਾਂ ਨਾਲੋਂ ਵੀ ਵੱਡੇ ਕੰਮ ਕਰੇਗਾ ਕਿਉਂ ਜੋ ਮੈਂ ਪਿਤਾ ਦੇ ਕੋਲ ਜਾਂਦਾ ਹਾਂ।*

ਕਿ ਤੁਸੀਂ ਨਹੀਂ ਦੇਖਦੇ? ਦੇਖੋ ਕਿਵੇ ਉਸਨੇ ਉੱਥੇ ਕਿਹਾ? ਹੁਣ ਇਸਨੂੰ ਦੇਖੋ, ਇਹ ਕਿਵੇ ਬਾਹਰ ਆਉਂਦਾ ਹੈ। ਮੈਂ ਥੋੜਾ ਅੱਗੇ ਇਸਨੂੰ ਪੜ੍ਹਾਂਗਾ। ਅਸੀਂ ਇਸਨੂੰ ਅੱਗੇ 20 ਬਾਬ ਤੋਂ ਪੜ੍ਹਾਂਗੇ, "ਅਤੇ ਜੋ ਕੁਝ ਵੀ ਤੁਸੀਂ ਮੰਗਦੇ ਹੋ..." ਆਓ ਦੇਖੀਏ, ਮੇਰੇ ਕੋਲ ਸੀ...ਹਾਂ।

> *ਅਤੇ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਮੰਗੋਗੇ ਤਾਂ ਮੈਂ ਉਹ ਦਿਆਂਗਾ, ਤਾਂ ਜੋ ਪਿਤਾ ਦੀ ਮਹਿਮਾ ਪੁੱਤਰ ਵਿੱਚ ਹੋਵੇ*

> *ਅਤੇ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਮੰਗੋਗੇ, ਤਾਂ ਮੈਂ ਉਹ ਦਿਆਂਗਾ*

> *ਜੇ ਤੁਸੀਂ ਮੇਰੇ ਨਾਲ ਪਿਆਰ ਕਰਦੇ ਹੋ ਤਾਂ ਮੇਰੀ ਹੁਕਮਾਂ ਦੀ ਪਾਲਣਾ ਕਰੋਗੇ,*

> *ਅਤੇ ਮੈਂ ਪਿਤਾ ਤੋਂ ਮੰਗਾਂਗਾ,* (ਹੁਣ ਦੇਖੋ) *ਅਤੇ ਉਹ ਤੁਹਾਨੂੰ ਦੂਜਾ ਸਹਾਇਕ ਬਖਸ਼ੇਗਾ ਭਈ ਉਹ ਸਦਾ ਤੁਹਾਡੇ ਸੰਗ ਰਹੇ*

> *ਅਰਥਾਤ ਸੱਚਾਈ ਦਾ ਆਤਮਾ ਜਿਹਨੂੰ ਜਗਤ ਨਹੀਂ ਪਾ ਸਕਦਾ ਕਿਉਂ ਜੋ ਉਹ ਵੇਖਦਾ ਨਹੀਂ, ਨਾ ਉਸਨੂੰ ਜਾਣਦਾ ਹੈ। ਤੁਸੀਂ ਉਹਨੂੰ*

*ਜਾਣਦੇ ਹੋ ਕਿਉਂਕਿ ਉਹ ਤੁਹਾਡੇ ਸੰਗ ਰਹਿੰਦਾ ਹੈ ਅਤੇ ਤੁਹਾਡੇ ਵਿੱਚ ਹੋਵੇਗਾ।*

57 ਤਦ ਪਵਿੱਤਰ ਆਤਮਾ ਕੌਣ ਹੈ? ਪਵਿੱਤਰ ਆਤਮਾ ਕੀ ਹੈ? ਇਹ ਮਸੀਹ ਹੈ ਜੋ ਤੁਹਾਡੇ ਅੰਦਰ ਹੈ, ਇਹ ਸਹਾਇਕ ਹੈ, ਇਹੋ ਹੀ ਪਵਿੱਤਰ ਆਤਮਾ ਹੈ, "ਅਤੇ ਜਦੋਂ ਉਹ ਸਹਾਇਕ ਆਵੇਗਾ ਤਾਂ ਉਹ ਉਹਨਾਂ ਹੀ ਕੰਮਾਂ ਨੂੰ ਕਰੇਗਾ ਜੋ ਉਸਨੇ ਮੇਰੇ ਵਿੱਚ ਰਹਿ ਕੇ ਕੀਤੇ ਹਨ, ਮੈਂ ਮੇਰੇ ਪਿਤਾ ਕੋਲ ਬੇਨਤੀ ਕਰਾਂਗਾ ਕਿ ਉਹ ਤੁਹਾਨੂੰ ਇਹ ਸਹਾਇਕ ਦੇਵੇ, ਤੁਸੀਂ ਉਸ ਸਹਾਇਕ ਨੂੰ ਜਾਣਦੇ ਹੋ। ਸੰਸਾਰ ਉਹ ਨਹੀਂ ਜਾਣਦਾ ਅਤੇ ਕਦੇ ਵੀ ਨਹੀਂ ਜਾਣੇਗਾ। ਪਰ ਤੁਸੀਂ ਉਸਨੂੰ ਜਾਣਦੇ ਹੋ ਕਿਉਂਕਿ ਉਹ ਤੁਹਾਡੇ ਨਾਲ ਰਹਿੰਦਾ ਹੈ"। ਯਿਸੂ ਬੋਲ ਰਿਹਾ ਹੈ, "ਪਰ ਉਹ ਤੁਹਾਡੇ ਅੰਦਰ ਰਹੇਗਾ" ਉੱਥੇ ਤੁਸੀਂ ਹੋ, ਸੋ ਇਹ ਇੱਕ ਸਹਾਇਕ ਹੈ, "ਇਹ ਤੁਹਾਡੇ ਵਿੱਚ ਹੋਵੇਗਾ"।

*ਮੈਂ ਤੁਹਾਨੂੰ ਅਨਾਥ ਨਹੀਂ ਛੱਡਾਂਗਾ; ਮੈਂ ਤੁਹਾਡੇ ਕੋਲ ਆਉਂਦਾ ਹਾਂ।*

"ਮੈਂ ਨਹੀਂ…" ਹਣ, ਇਹ ਸਹਾਇਕ ਹੈ, ਜੋ ਕਿ ਮਸੀਹ ਹੈ, ਅਤੇ ਇਹੋ ਹੀ ਪਵਿੱਤਰ ਆਤਮਾ ਹੈ

*ਹੁਣ ਥੋੜ੍ਹਾ ਚਿਰ ਰਹਿੰ ਗਿਆ ਹੈ, ਜਗਤ ਮੈਨੂੰ ਫਿਰ ਨ ਵੇਖੇਗਾ ਪਰ ਤੁਸੀਂ ਮੈਨੂੰ ਵੇਖੋਂਗੇ ਕਿਉਂਕਿ ਮੈਂ…ਜਿਉਂਦਾ ਹਾਂ ਅਤੇ ਤੁਸੀਂ ਵੀ ਜਿਉਂਦੇ ਰਹੋਗੇ।*

58 ਔਹ, ਅਸੀਂ ਇਸਨੂੰ ਪੜ੍ਹਨਾ ਜਾਰੀ ਰੱਖ ਸਕਦੇ ਹਾਂ; ਪਰ ਤੁਸੀਂ ਇਹ ਜਾਣ ਲਓ ਕਿ ਉਹ ਕੀ ਹੈ? ਉਹ ਇੱਕ ਮੋਹਰ ਹੈ; ਉਹ ਇੱਕ ਨਿਸ਼ਾਨ ਹੈ, ਉਹ ਇੱਕ ਸਹਾਇਕ ਹੈ। ਵੇਖੋ ਜੋ ਕੁਝ ਵੀ ਉਹ ਹੈ, ਅਬਰਾਹਾਮ ਦੀ ਸੰਤਾਨ ਉਸ ਦੀ ਵਾਰਿਸ ਹੈ।

59 ਪਹਿਲਾਂ ਆਓ ਹੁਣ ਅਸੀਂ ਇਹ ਵੇਖੀਏ ਕਿ…ਉਹ ਸਹਾਇਕ ਤੋਂ ਇਲਾਵਾ ਕੀ ਹੈ। ਆਓ ਅਸੀਂ ਯੂਹੰਨਾ 16:7 ਵੇਖੀਏ। ਅਤੇ ਦੇਖੀਏ ਕਿ ਉਹ ਉੱਤਰ ਦੇਣ ਵਾਲਾਂ ਇੱਕ ਵਕੀਲ ਵੀ ਹੈ। ਕੀ ਤੁਸੀਂ ਜਾਣਦੇ ਹੋ ਕਿ ਵਕੀਲ ਕੀ ਹੁੰਦਾ ਹੈ, ਉਹ ਬਹਿਸਬਾਜੀ ਕਰਦਾ ਹੈ, ਦਲੀਲਬਾਜੀ ਕਰਦਾ ਹੈ। ਸਾਡਾ ਇੱਕ ਵਕੀਲ ਹੈ, ਅਸੀਂ ਇਹ ਜਾਣਦੇ ਹਾਂ। ਪਹਿਲਾਂ ਯੂਹੰਨਾ 16:7…ਔਹ ਇੱਕ ਮਿੰਟ ਰੁਕੋ, ਮੈਨੂੰ ਮਾਫ ਕਰਨਾ, ਇਹ ਯੂਹੰਨਾ ਦੀ ਅੰਜੀਲ ਹੈ, ਯੂਹੰਨਾ 16:7 ਮੈਨੂੰ ਮਾਫ ਕਰਨਾ ਮੈਂ ਗਲਤ ਆਖ ਦਿੱਤਾ। ਮੈਂ ਇਸਨੂੰ ਗਲਤ ਪੜ੍ਹਿਆ ਹੈ, ਮੈਨੂੰ ਮਾਫ ਕਰਨਾ। ਯੂਹੰਨਾ ਦੀ ਅੰਜੀਲ 16:7

*ਪਰ ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਮੇਰਾ ਜਾਣਾ ਹੀ ਤੁਹਾਡੇ ਲਈ ਚੰਗਾ ਹੈ, ਕਿਉਂਕਿ ਜੇ ਮੈਂ ਨਾ ਜਾਵਾਂ ਤਾਂ ਉਹ ਸਹਾਯਕ ਤੁਹਾਡੇ*

*ਕੋਲ ਨਹੀਂ ਆਏਗਾ, ਪਰ ਜੇ ਮੈਂ ਜਾਵਾਂ ਤਾਂ ਉਹਨੂੰ ਤੁਹਾਡੇ ਕੋਲ ਘੱਲ ਦਿਆਂਗਾ*

*ਅਤੇ ਉਹ ਆ ਕੇ ਜਗਤ ਨੂੰ ਪਾਪ ਧਰਮ ਅਤੇ ਨਿਆਉ ਦੇ ਵਿਖੇ ਕਾਇਲ ਕਰੇਗਾ।*

*ਪਾਪ ਦੇ ਵਿਖੇ ਇਸ ਲਈ ਜੋ ਉਹ ਮੇਰੇ ਤੇ ਨਿਹਚਾ ਨਹੀਂ ਕਰਦੇ ਹਨ,*

*ਧਰਮ ਦੇ ਵਿਖੇ ਇਸ ਲਈ ਜੋ ਮੈਂ ਪਿਤਾ ਕੋਲ ਜਾਂਦਾ ਹਾਂ ਅਤੇ ਤੁਸੀਂ ਮੈਨੂੰ ਫਿਰ ਨਾ ਵੇਖੋਂਗੇ,*

*ਨਿਆਉ ਦੇ ਵਿਖੇ ਇਸ ਲਈ ਜੋ ਇਸ ਜਗਤ ਦੇ ਸਰਦਾਰ ਦਾ ਨਿਆਉ ਕੀਤਾ ਗਿਆ ਹੈ।*

60 ਹੁਣ, ਵੇਖੋ ਉਹ ਵਕੀਲ ਪਹਿਲਾਂ ਯੂਹੰਨਾ 2:12 ਵਿੱਚ ਪਾਇਆ ਜਾਂਦਾ ਹੈ। ਆਓ ਹੁਣ, ਅਸੀਂ ਉਸ ਨੂੰ ਅਰਥਾਤ ਪਹਿਲਾਂ ਯੂਹੰਨਾ 2:12 ਨੂੰ ਸਿਫਰ ਇੱਕ ਮਿੰਟ ਲਈ ਪੜ੍ਹੀਏ। ਮੈਨੂੰ ਮਾਫ ਕਰਨਾ। ਪਹਿਲਾਂ ਯੂਹੰਨਾ…1-2; ਮੈਂ ਲਿਖਿਆ ਹੋਇਆ ਹੈ, ਪਹਿਲਾਂ ਯੂਹੰਨਾ 2:1-2

*ਹੇ ਮੇਰੇ ਬਚਿਓ ਮੈਂ ਇਹ ਗੱਲਾਂ ਤੁਹਾਨੂੰ ਇਸ ਲਈ ਲਿਖਦਾ ਹਾਂ ਭਈ ਤੁਸੀਂ ਪਾਪ ਨਾ ਕਰੋ ਅਤੇ ਜੇ ਕੋਈ ਪਾਪ ਕਰੇ ਤਾਂ ਪਿਤਾ ਦੇ ਕੋਲ ਸਾਡਾ ਇੱਕ ਸਹਾਇਕ ਹੈ ਅਰਥਾਤ ਯਿਸੂ ਮਸੀਹ ਜਿਹੜਾ ਧਰਮੀ ਹੈ*

ਉਹ ਵਕੀਲ ਕੌਣ ਹੈ? ਧਰਮੀ ਯਿਸੂ ਮਸੀਹ

*ਅਤੇ ਉਹ ਸਾਡੇ ਪਾਪਾਂ ਦਾ ਪ੍ਰਾਸਚਿਤ ਹੈ ਪਰ ਨਿਰੇ ਸਾਡਿਆਂ ਦਾ ਹੀ ਨਹੀਂ, ਸਗੋਂ ਸਾਰੇ ਸੰਸਾਰ ਦਾ ਵੀ ਹੈ।*

61 ਪਵਿੱਤਰ ਆਤਮਾ ਕੀ ਹੈ? ਇਹ ਇੱਕ ਸਹਾਇਕ ਅਰਥਾਤ ਇੱਕ ਵਕੀਲ ਹੈ। ਇੱਕ ਵਕੀਲ ਕੀ ਹੁੰਦਾ ਹੈ? ਉਹ ਕੀ ਕਰਦਾ ਹੈ? ਉਹ ਉੱਤਰ ਦਿੰਦਾ ਹੈ, ਦਲੀਲ ਪੇਸ਼ ਕਰਦਾ ਹੈ। ਉਸ ਕੋਲ ਕਿਰਪਾ ਹੁੰਦੀ ਹੈ। ਉਹ ਤੁਹਾਡੀ ਜਗ੍ਹਾ ਖੜ੍ਹਾ ਹੁੰਦਾ ਹੈ, ਉਹ ਤੁਹਾਡੇ ਪਾਪਾਂ ਦਾ ਇਵਜ ਹੈ। ਉਹ ਤੁਹਾਡੀ ਧਰਮਿਕਤਾ ਹੈ; ਉਹ ਤੁਹਾਡੀ ਚੰਗਾਈ ਹੈ, ਉਹ ਤੁਹਾਡਾ ਜੀਵਨ ਹੈ, ਉਹ ਤੁਹਾਡਾ ਜੀ ਉੱਠਣਾ ਹੈ। ਉਹੋ ਹੀ ਉਹ ਸਭ ਕੁਝ ਹੈ ਜੋ ਪਰਮੇਸ਼ਵਰ ਤੁਹਾਡੇ ਲਈ ਹੈ। ਉਹ ਇੱਕ ਵਕੀਲ ਹੈ।

62 ਕਿਵੇਂ ਅਸੀਂ ਇਸ ਗੱਲ ਨੂੰ ਵਿਸਥਾਨ ਨਾਲ ਜਾਣ ਸਕਦੇ ਹਾਂ ਕਿ ਉਹ ਸਾਡੀਆਂ ਭੁੱਲਾਂ ਲਈ ਵਿਚੋਲਗੀ ਕਰਦਾ ਹੈ। ਉਹ ਸਾਡੀਆਂ ਭੁੱਲਾਂ ਲਈ

ਵਿਚੋਲਗੀ ਕਰਦਾ ਹੈ। ਕਦੇ ਕਦੇ ਅਜਿਹਾ ਹੁੰਦਾ ਹੈ ਕਿ ਜਦੋਂ ਸਾਨੂੰ ਪਵਿੱਤਰ ਆਤਮਾ ਮਿਲ ਜਾਂਦਾ ਹੈ ਤਾਂ ਅਸੀਂ ਅਣਜਾਣੇ ਵਿੱਚ ਹੀ ਕਿਸੇ ਗੱਲ ਵਿੱਚ ਫਿਸਲ ਜਾਂਦੇ ਹਾਂ ਤਾਂ ਅਜਿਹੇ ਸਮੇਂ ਵਿੱਚ ਉੱਥੇ ਪਵਿੱਤਰ ਆਤਮਾ ਸਾਡੇ ਉੱਤਰ ਦੇਣ ਲਈ ਹਾਜਰ ਹੁੰਦਾ ਹੈ। ਉਹ ਸਾਡਾ ਵਕੀਲ ਹੈ। ਉਹ ਸਾਡੇ ਥਾਂ...ਤੇ ਖੜਾ ਹੁੰਦਾ ਹੈ। ਉਹ ਸਾਡਾ ਮੁਖਤਿਆਰ ਹੈ। ਸਾਡੀ ਥਾਂ ਤੇ ਉਹ ਖੜਾ ਹੁੰਦਾ ਹੈ ਅਤੇ ਸਾਡੀ ਵਕਾਲਤ ਕਰਦਾ ਹੈ, ਸਾਡੇ ਪੱਖ ਵਿੱਚ ਦਲੀਲਾਂ ਦਿੰਦਾ ਹੈ। ਅਸੀਂ ਆਪਣੇ ਲਈ ਦਲੀਲ ਨਹੀਂ ਦੇ ਸਕਦੇ ਕਿਉਂਕਿ ਪਵਿੱਤਰ ਆਤਮਾ ਹੀ ਸਾਡੀ ਵਕਾਲਤ ਕਰਦਾ ਹੈ। ਕਦੀ ਕਦੀ ਪਵਿੱਤਰ ਆਤਮਾ ਹੀ ਅਜਿਹੇ ਸ਼ਬਦਾਂ ਦਾ ਪ੍ਰਯੋਗ ਕਰ ਰਿਹਾ ਹੁੰਦਾ ਹੈ ਜਿਹਨਾਂ ਨੂੰ ਤੁਸੀਂ ਸਮਝ ਨਹੀਂ ਸਕਦੇ ਅਤੇ ਉਹ ਸਾਡੇ ਲਈ ਵਿਚੋਲਗੀ ਦਾ ਕੰਮ ਕਰਦਾ ਹੈ ਅਤੇ ਇਹੋ ਹੀ ਆਤਮਾ ਹੈ।

63 ਜਦੋਂ ਵੀ ਮੈਂ ਤੁਰਦਾ ਹਾਂ ਤਾਂ ਮੈਂ-ਮੈਂ ਇੱਕ ਛੋਟੇ ਬੱਚੇ ਵਾਂਗੂ ਤੁਰਦੇ ਹੋ; ਤੁਸੀਂ ਇੱਕ ਛੋਟੇ ਬੱਚੇ ਵਾਂਗੂ ਤੁਰਦੇ ਹੋ। ਅਸੀਂ, ਅਸੀਂ ਹਨੇਰੇ ਜਗਤ ਵਿੱਚ ਤੁਰ ਰਹੇ ਹਾਂ ਜੋ ਵੈਰੀਆਂ ਨਾਲ, ਪਾਪਾਂ ਨਾਲ, ਧੋਖਿਆਂ ਨਾਲ, ਅਤੇ ਇਸੇ ਤਰ੍ਹਾਂ ਦੀਆਂ ਸਭ ਚੀਜ਼ਾਂ ਨਾਲ ਭਰਿਆ ਹੋਇਆ ਹੈ।

ਤੁਸੀਂ ਆਖਦੇ ਹੋ, "ਔਹ, ਮੈਨੂੰ ਡਰ ਲਗਦਾ ਹੈ ਮੈਨੂੰ ਮਸੀਹੀ ਜੀਵਨ ਅਪਨਾਉਣ ਤੋਂ ਡਰ ਲੱਗਦਾ ਹੈ। ਮੈਨੂੰ, ਮੈਂਨੂੰ *ਅਜਿਹਾ* ਕਰਨ ਤੋਂ ਦਰ ਲੱਗਦਾ ਹੈ। ਮੈਂ *ਅਜਿਹਾ* ਕਰਨ ਤੋਂ ਡਰਦਾ ਹਾਂ"।

ਤੁਸੀਂ ਨਾ ਡਰੋਂ ਸਾਡਾ ਇੱਕ ਵਕੀਲ ਹੈ। ਆਮੀਨ। ਉਹ ਸਾਡੇ ਕੋਲ ਖੜ੍ਹਾ ਰਹਿੰਦਾ ਹੈ। ਉਹ ਸਾਡੇ ਅੰਦਰ ਹੈ। ਉਹ ਸਾਡੇ ਲਈ ਵਿਚੋਲਗੀ ਕਰਦਾ ਹੈ। ਉਹ ਸਾਡਾ ਵਿਚੋਲਾ ਹੈ। ਔਹ, ਸਾਨੂੰ ਇਸ ਗੱਲ ਲਈ ਪਰਮੇਸ਼ਵਰ ਦੇ ਕਿੰਨੇ ਧੰਨਵਾਦੀ ਹੋਣਾ ਚਾਹੀਦਾ ਹੈ!

64 ਉਹ ਮੋਹਰ ਹੈ, ਚਿੰਨ੍ਹ ਹੈ, ਜੀਵਨ ਦਾ ਆਤਮਾ ਹੈ, ਸਵਰਗ ਦਾ ਪਰਮੇਸ਼ਵਰ ਹੈ, ਜੀਵਨ ਹੈ, ਸਹਾਇਕ ਹੈ, ਅਤੇ ਵਕੀਲ ਹੈ। ਉਹ ਕੀ ਹੈ? ਹੇ ਮੇਰੇ! ਪਰਮੇਸ਼ਵਰ ਅਸੀਂ ਕਈ ਘੰਟੇ ਇਸ ਵਿਸ਼ੇ ਤੇ ਬੋਲ ਸਕਦੇ ਹਾਂ।

65 ਹੁਣ ਅਸੀਂ ਆਪਣੇ ਵਿਸ਼ੇ ਨੂੰ ਥੋੜ੍ਹੀ ਦੇਰ ਲਈ ਬਦਲਣ ਜਾ ਰਹੇ ਹਾਂ। ਹੁਣ ਅਸੀਂ ਇਹ ਪੁੱਛਣ ਜਾਂ ਰਹੇ ਹਾਂ...

ਸਾਡੇ ਨਾਲ ਆਖਰੀ ਦਿਨਾਂ ਵਿੱਚ ਵਾਦਾ ਕੀਤਾ ਗਿਆ ਹੈ! ਇਹ ਵਕੀਲ, ਮੋਹਰ, ਵਾਦਾ, ਉਹ ਸਭ ਕੁਝ ਹੈ ਜਿਸ ਦੇ ਬਾਰੇ ਅਸੀਂ ਅੱਜ ਰਾਤ ਕੀਤੀਆਂ ਹਨ, ਉਸਨੇ ਸਾਡੇ ਨਾਲ ਇਹਨਾਂ ਤੋਂ ਦੱਸ ਹਜਾਰ ਗੁਣਾ ਵੱਧ ਵਾਅਦੇ ਕੀਤੇ ਹਨ। ਸਾਡੇ ਨਾਲ ਅੰਤ ਦੇ ਦਿਨਾਂ ਵਿੱਚ ਇਸ ਦਾ ਵਾਦਾ ਕੀਤਾ ਗਿਆ ਹੈ।

ਉਹਨਾਂ ਦਿਨਾਂ ਵਿੱਚ ਉਹਨਾਂ ਕੋਲ ਇਹ ਨਹੀਂ ਸੀ। ਉਹਨਾਂ ਕੋਲ ਤਾਂ ਇਹ ਸ਼ਰੀਰ ਵਿੱਚ ਵੀ ਇੱਕ ਮੋਹਰ ਅਤੇ ਇੱਕ ਚਿੰਨ੍ਹ ਦੇ ਰੂਪ ਵਿੱਚ ਸੀ, ਉਹ ਵਿਸ਼ਵਾਸ ਕਰਦੇ ਹਨ ਕਿ ਇਹ ਆ ਰਿਹਾ ਹੈ ਅਤੇ ਉਹ ਸ਼ਰਾ ਦੀ ਛਾਂ ਹੇਠਾਂ ਚਲੇ ਅਤੇ ਉਹਨਾਂ ਦੇ ਸ਼ਰੀਰ ਦੀ ਸੁੰਨਤ ਹੁੰਦੀ ਸੀ।

66 ਅੱਜ ਅਸੀਂ ਸ਼ਰਾ ਦੇ ਪਰਛਾਵੇਂ ਹੇਠ ਨਹੀਂ ਚੱਲਦੇ। ਅਸੀਂ ਤਾਂ ਜੀ ਉੱਠਣ ਦੀ ਸਮਰੱਥਾ ਰਾਹੀਂ ਚੱਲਦੇ ਹਾਂ ਅਸੀਂ ਆਤਮਾ ਦੀ ਸਮਰੱਥ ਨਾਲ ਚੱਲਦੇ ਹਾਂ, ਜੋ ਕਿ ਸਾਡੀ ਸੱਚੀ ਮੋਹਰ ਹੈ, ਸਾਡਾ ਸੱਚ ਵਕੀਲ ਹੈ, ਸਾਡਾ ਸਚਾ ਸਹਾਇਕ ਹੈ ਜੋ ਕਿ ਸਾਡਾ ਇਸ ਗੱਲ ਦਾ ਸੱਚਾ ਨਿਸ਼ਾਨ ਹੈ। ਕਿ ਸਾਡਾ ਜਨਮ ਉੱਪਰੋਂ ਹੈ। ਅਤੇ ਅਸੀਂ ਵਿਚਿੱਤਰ ਅਤੇ ਆਪਣੇ ਹੀ ਕਿਸਮ ਦੇ ਲੋਕ ਹਾਂ ਜੋ ਅਨੋਖੇ ਹੀ ਕੰਮ ਕਰਦੇ ਹਾਂ ਅਤੇ ਪਰਮੇਸ਼ਵਰ ਨੂੰ ਉਸਦੇ ਵਚਨ ਸਮੇਤ ਲੈਂਦੇ ਹਾਂ, ਅਤੇ ਪਰਮੇਸ਼ਵਰ ਦੇ ਵਚਨ ਤੇ ਇਲਾਵਾ ਬਾਕੀ ਸਾਰੀਆਂ ਗੱਲਾਂ ਨੂੰ ਹੀ ਗਲਤ ਆਖ ਰਹੇ ਹਾਂ। ਪਰਮੇਸ਼ਵਰ ਦਾ ਵਚਨ ਹੀ ਸੱਚਾ ਹੈ। ਉਹੀ…ਔਹ ਮੇਰੇ ਪਰਮੇਸ਼ਵਰ! ਇਹੋ ਹੀ ਪਵਿੱਤਰ ਆਤਮਾ ਹੈ।

67 ਕੀ ਤੁਸੀਂ ਇਸ ਨੂੰ ਪ੍ਰਾਪਤ ਕਰਨ ਚਾਹੁੰਦੇ ਹੋ? ਕੀ ਤੁਸੀਂ ਨਹੀਂ ਚਾਹੋਗੇ ਕਿ ਇਹ ਤੁਹਾਡੇ ਕੋਲ ਹੋਵੇ? [ਸਭਾ ਕਹਿੰਦੀ ਹੈ, "ਅਮੀਨ"—ਸੰਪਾ] ਆਓ ਅਸੀਂ ਵੇਖੀਏ ਭਲਾ ਇਸ ਦਾ ਵਾਦਾ ਕੀਤਾ ਗਿਆ ਸੀ?

ਹੁਣ ਆਓ ਯਸਾਯਾਹ ਦੀ ਕਿਤਾਬ ਵੱਲ ਮੁੜੀਏ, ਯਸਾਯਾਹ ਦੀ ਕਿਤਾਬ। ਆਓ ਯਸਾਯਾਹ ਦਾ 28 ਅਧਿਆਏ ਕੱਢੀਏ। ਅਸੀਂ ਇਸ ਨੂੰ ਸ਼ੁਰੂ ਕਰਨ ਜਾਂ ਰਹੇ ਹਾਂ। ਆਓ ਇਸਦੀ 8 ਆਇਤ ਲਈਏ…ਅਤੇ ਵੇਖੀਏ ਕਿ ਇਸ ਦੇ ਆਉਣ ਤੋਂ 712 ਸਾਲ ਪਹਿਲਾਂ ਯਸਾਯਾਹ ਨੇ ਕੀ ਆਖਿਆ ਸੀ?

68 ਅਸੀਂ ਇਸ ਦੇ ਬਾਰੇ ਬਹੁਤ ਸਾਰੀਆਂ ਗੱਲਾਂ ਆਖ ਸਕਦੇ ਹਾਂ, ਅਸੀਂ ਵਚਨ ਵਿੱਚ ਪਿੱਛੇ ਜਾ ਕੇ ਇਸ ਦੇ ਬਾਰੇ ਵੇਖ ਸਕਦੇ ਹਾਂ, ਪਰ ਅਸੀਂ ਠੀਕ ਇੱਥੋਂ ਹੀ ਪੜ੍ਹਨਾ ਸ਼ੁਰੂ ਕਰਾਂਗੇ ਅਤੇ ਵੇਖਾਂਗੇ ਕਿ ਕੀ ਇੱਕ ਸੱਚੀ ਕਲੀਸੀਆ ਨਾਲ ਇਸ (ਪਵਿੱਤਰ ਆਤਮਾ) ਦਾ ਵਾਦਾ ਕੀਤਾ ਗਿਆ ਹੈ। ਇਹਨੇ ਕਿਹੜਿਆਂ ਦਿਨਾਂ ਵਿੱਚ ਆਉਣਾ ਸੀ? ਅੰਤ ਦੇ ਦਿਨਾਂ ਵਿੱਚ, ਜਦੋਂ ਉੱਥੇ—ਉੱਥੇ ਕੁਧਰਮ ਬਹੁਤ ਹੋਵੇਗਾ। ਯਾਦ ਰੱਖੋ, ਇਹ ਅੰਤ ਦੇ "ਦਿਨਾਂ" ਬਹੁਵਚਨ ਹੈ ਜੋ ਕਿ ਆਖਰੀ ਦੋ ਦਿਨਾਂ ਅਰਥਾਤ ਆਖਰੀ ਦੋ ਹਜਾਰ ਸਾਲ ਹਨ।

ਹੁਣ, ਅੱਠਵੀਂ ਆਇਤ।

*ਸਾਰੀਆਂ ਮੇਜਾਂ ਕੈ ਅਤੇ ਵਿਸ਼ਟੇ ਨਾਲ…ਭਰੀਆਂ ਹਨ। ਕੋਈ ਵੀ ਥਾਂ ਸਾਫ ਨਹੀਂ।*

69 ਅੱਜ ਤੁਸੀਂ ਇਸ ਗੱਲ ਨੂੰ ਜਾਣਨ ਲਈ ਆਪਣੇ ਆਲੇ ਦੁਆਲੇ ਚਾਰੇ ਪਾਸੇ ਵੇਖੋ ਕਿ ਅਸੀਂ ਉਸੇ ਹੀ ਦਿਨ ਵਿੱਚ ਹਾਂ। “ਸਾਰੀਆਂ ਮੇਜਾਂ!” ਕਿਉਂ, ਉਹ ਲੋਕ ਪ੍ਰਭੂ ਭੋਜ ਲੈਣ ਲਈ ਜਾਣਦੇ ਹਨ, ਅਤੇ ਪਹਿਲੀ ਗੱਲ ਇਹ ਹੈ ਕਿ ਭੌਤਿਕ ਚੀਜ ਵਿੱਚ ਉਹ ਹਲਕੀ ਰੋਟੀ ਦਾ ਪੁਰਾਣਾ ਟੁਕੜਾ ਜਾਂ ਸੋਡਾ ਕਰੈਕਰ ਲੈਂਦੇ ਹਨ। ਅਤੇ ਉਸਨੂੰ ਤੋੜਦੇ ਹਨ ਅਤੇ ਉਸ ਨਾਲ ਪ੍ਰਭੂ ਭੋਜ ਕਰਦੇ ਹਨ। ਜਦ, ਹੋਣਾ ਤਾਂ ਇਹ ਚਾਹੀਦਾ ਹੈ ਕਿ ਪ੍ਰਭੂ ਭੋਜ ਦੀ ਰੋਟੀ ਨੂੰ ਪਵਿੱਤਰ ਆਤਮਾ ਨਾਲ ਭਰਿਆ ਵਿਅਕਤੀ ਆਪਣੇ ਹੱਥਾਂ ਨਾਲ ਬਣਾਏ ਅਤੇ ਉਹ ਰੋਟੀ ਖਮੀਰੀ ਹੋਵੇ। ਮਸੀਹ ਗੰਦ ਅਤੇ ਭ੍ਰਿਸ਼ਟ ਨਹੀਂ ਹੈ। ਅਤੇ ਉਹ ਰੋਟੀ ਮਸੀਹ ਨੂੰ ਦਰਸਾਉਂਦੀ ਹੈ।

70 ਦੂਸਰੀ ਗੱਲ ਇਹ ਹੈ ਕਿ ਉਸ ਰੋਟੀ ਨੂੰ ਉਹਨਾਂ ਲੋਕਾਂ ਨੂੰ ਦਿੰਦੇ ਹਨ ਜੋ ਸ਼ਰਾਬ ਪੀਂਦੇ ਹਨ, ਝੂਠ ਬੋਲਦੇ ਹਨ, ਚੋਰੀ ਕਰਦੇ ਹਨ, ਸਿਗਰਟਾਂ ਪੀਂਦੇ ਹਨ, ਪਾਨ ਖਾਂਦੇ ਹਨ। ਉਹ ਸਭ ਕੁਝ ਕਰ ਸਕਦੇ ਹਨ। ਜਦੋਂ ਤਕ ਕਿ ਉਹ ਗਿਰਜੇ ਦੇ ਮੈਂਬਰ ਹਨ। ਇਸ ਤੋਂ ਦੂਰ ਰਹੋ! ਜਦੋਂ ਅਸੀਂ ਇਸ ਰੋਟੀ ਨੂੰ ਇੱਥੇ ਖਾਂਦੇ ਹਾਂ ਅਤੇ ਜੇਕਰ ਕੋਈ ਅਜਿਹਾ ਵਿਅਕਤੀ ਇਸ ਨੂੰ ਲੈਂਦਾ ਹੈ ਜੋ ਪ੍ਰਭੂ ਦੀ ਦੇਹ ਨੂੰ ਨਹੀਂ ਪਛਾਣਦਾ ਤਾਂ ਉਹ ਆਪਣੇ ਉੱਤੇ ਡੰਨ ਲੱਗਾ ਕੇ ਖਾਂਦਾ ਪੀਂਦਾ ਹੈ। ਜੇਕਰ ਉਹ ਪਵਿੱਤਰਤਾਈ ਵਾਲਾਂ ਜੀਵਨ ਨਹੀਂ ਗੁਜਾਰਦਾ ਤਾਂ ਉਸ ਨੂੰ ਪ੍ਰਭੂ ਭੋਜ ਤੋਂ ਦੂਰ ਰੱਖੋ।

ਅਤੇ ਜੇ ਕਰ ਤੁਸੀਂ ਇਸਨੂੰ ਨਹੀਂ ਲੈਦੇ ਤਾਂ ਇਸ ਤੋਂ ਇਹ ਪਤਾ ਲੱਗਦਾ ਹੈ ਕਿ ਤੁਹਾਡਾ ਅੰਤਾਕਰਨ ਤੁਹਾਨੂੰ ਦੋਸ਼ੀ ਠਹਿਰਾ ਰਿਹਾ ਹੈ। ਯਿਸੂ ਨੇ ਆਖਿਆ, “ਜੋ ਇਸ ਵਿੱਚੋਂ ਨਾ ਖਾਏ, ਉਸ ਦਾ ਮੇਰੇ ਵਿੱਚ ਕੋਈ ਹਿੱਸਾ ਨਹੀਂ”।

71 ਅਤੇ ਪ੍ਰਭੂ ਦੀਆਂ ਸਾਰੀਆਂ ਹੀ ਮੇਜਾਂ ਕੈ ਅਤੇ ਵਿਸ਼ਟੇ ਨਾਲ ਭਰੀਆਂ ਹੋਈਆਂ ਹਨ, ਕੋਈ ਵੀ ਥਾਂ ਸਾਫ ਨਹੀਂ। ਸੁਣੋ ਕੀ ਇਹ ਅੱਜ ਦੀ ਤਸਵੀਰ ਨਹੀਂ ਹੈ!

*ਉਹ ਕਿਸਨੂੰ...ਉਹ ਕਿਸਨੂੰ ਗਿਆਨ ਸਿਖਾਵੇਗਾ? ਉਹ ਕਿਸਨੂੰ... ਪ੍ਰਚਾਰ ਦੀ ਸਮਝ ਦੇਵੇਗਾ?...*

*...ਕੌਣ ਉਹਦਾ ਗਿਆਨ ਸਮਝੇਗਾ? ...ਉਹ ਕਿਸਨੂੰ ਪ੍ਰਚਾਰ ਦੀ ਸਮਝ ਦੇਵੇਗਾ?...*

“ਅੱਛਾ, ਪਰਮੇਸ਼ਵਰ ਧੰਨ ਹੈ, ਮੈਂ ਤਾਂ ਪ੍ਰੇਸਬਾਇਟੇਰਿਅਨ ਹਾਂ। ਮੈਂ ਤਾਂ ਮੇਥੋਡਿਸਟ ਹਾਂ, ਮੈਂ ਤਾਂ ਪੈਂਤੀਕਸਤਲ ਹਾਂ, ਮੈਂ ਤਾਂ ਨਾਜਰੀਨ ਹਾਂ, ਮੈਂ ਤਾਂ ਪਿਲਗਰਿਮ ਹੋਲੀਨੇਸ ਹਾਂ”। ਇਸ ਨਾਲ ਪਰਮੇਸ਼ਵਰ ਨੂੰ ਜਰਾ ਵੀ ਮਤਲਬ ਨਹੀਂ ਹੈ; ਬਸ ਦੂਸਰੀ ਮੇਜ।

*...ਕਿਹਨੂੰ ਮੈਂ ਪ੍ਰਚਾਰ ਦੀ ਸਮਝ ਦੇਵਾਂਗਾ?...*

72 ਕਿਸ ਤਰ੍ਹਾਂ ਦੀ ਸਮਝ? ਮੇਥੋਡਿਸਟ, ਬੇਪਟਿਸਟ, ਪ੍ਰੇਸਬੀਟੇਰਿਅਨ, ਪੈਂਤੀਕਸਤਲ? ਬਾਈਬਲ ਦੀ ਸਿੱਖਿਆ!

*…ਮੈਂ ਕਿਹਨੂੰ ਸਮਝ ਦੇਵਾਂਗਾ?…*

73 ਤੁਹਾਨੂੰ ਕਿਵੇਂ ਪਤਾ ਚੱਲੇਗਾ ਕਿ ਇਹ ਤੁਹਾਨੂੰ ਮਿਲ ਗਿਆ ਹੈ? ਅਸੀਂ ਇਸ ਬਾਰੇ ਸ਼ੁੱਕਰਵਾਰ ਨੂੰ ਗੱਲ ਕਰਾਂਗੇ। ਸਮਝੇ?

…ਮੈਂ ਕਿਸਨੂੰ ਗਿਆਨ ਸਿਖਾਵਾਂਗਾ? (ਹੁਣ ਧਿਆਨ ਦਿਓ) *ਕਿ ਉਹਨਾਂ ਨੂੰ ਜਿਹਨਾਂ ਦਾ ਦੁੱਧ ਛੁਡਾਇਆ ਗਿਆ, ਜਾਂ ਜਿਹੜੇ ਦੁੱਧੀਆਂ ਤੋਂ ਅੱਡ ਕੀਤੇ ਗਏ?*

74 ਛੋਟੇ ਬੱਚੇ ਆਖਦੇ ਹਨ, "ਅੱਛਾ, ਮੈਂ ਤਾਂ ਇਸ ਗਿਰਜੇ ਜਾਂਦਾ ਹਾਂ, ਮੇਰੀ ਮਾਂ ਇਸ ਗਿਰਜੇ ਨਾਲ ਹੀ ਸੰਬੰਧ ਰੱਖਦੀ ਹੈ"। ਪਿਆਰੇ ਭਾਈ ਜੀ, ਮੈਂ ਉਸਦੇ ਵਿਰੁੱਧ ਨਹੀਂ ਹਾਂ, ਅਤੇ ਮੈਨੂੰ ਪਤਾ ਹੈ ਕਿ ਟੇਪ ਹੋ ਰਿਹਾ ਹੈ। ਇਹ ਠੀਕ ਹੈ, ਕਿ ਤੁਸੀਂ ਉਸੇ ਗਿਰਜੇ ਦੇ ਮੈਂਬਰ ਹੋ ਜਿਸ ਗਿਰਜੇ ਦੀ ਤੁਹਾਡੀ ਮਾਂ ਮੈਂਬਰ ਹੈ। ਪਰ, ਸੁਣੋ, ਤੁਹਾਡੀ ਮਾਂ ਕਿਸੇ ਇੱਕ ਚਾਨਣ ਵਿੱਚ ਚਲੀ, ਅਤੇ ਤੁਸੀਂ ਦੂਸਰੇ ਚਾਨਣ ਵਿੱਚ ਚੱਲ ਰਹੇ ਹੋ।

75 ਲੂਥਰ ਕਿਸੇ ਹੋਰ ਚਾਨਣ ਵਿੱਚ ਚਲਿਆ; ਵੈਸਲੀ ਕਿਸੇ ਹੋਰ ਚਾਨਣ ਵਿੱਚ ਚਲਿਆ ਅਤੇ ਜਿਸ ਚਾਨਣ ਵਿੱਚ ਵੈਸਲੀ ਚਲਿਆ ਪੈਂਤੀਕਾਸਤਲ ਕਲੀਸੀਆ ਚਲੀ। ਪਰ ਅਸੀਂ ਅੱਜ ਉਸ ਨਾਲੋਂ ਵੀ ਕਿਤੇ ਵੱਧ ਉਚਾਈ ਵਿੱਚ ਚੱਲ ਰਹੇ ਹਾਂ। ਅਤੇ ਜੇਕਰ ਕੋਈ ਹੋਰ ਪੀੜ੍ਹੀ ਹੋਵੇਗੀ, ਤਾਂ ਉਹ ਇਸ ਨਾਲੋਂ ਵੀ ਵੱਧ ਉਚਾਈ ਵਿੱਚ ਚੱਲੇਗੀ।

76 ਬੀਤੇ ਸਮਿਆਂ ਦੇ ਅਰੰਭਿਕ ਦਿਨਾਂ ਵਿੱਚ ਜਦੋਂ ਉਹ ਜਿਆਦਾ ਚੌੜਾ ਸੀ, ਤਾਂ ਲੂਥਰ ਨੇ ਵਿਸ਼ਵਾਸ ਰਾਹੀਂ ਧਰਮੀਂ ਠਹਿਰਾਏ ਜਾਣ ਦੀ ਸਿੱਖਿਆ ਦਿੱਤੀ ਇਹ ਤਾਂ ਬਸ ਲੋਕਾਂ ਨੂੰ ਸੰਸਾਰ ਵਿੱਚੋਂ ਕੈਥੋਲਿਕ ਵਾਦ ਵਿੱਚੋਂ ਕੱਢ ਕੇ ਪ੍ਰੋਟੈਸਟੈਂਟ ਵਿੱਚ ਲਿਆਉਣਾ ਹੈ। ਲੋਕਾਂ ਨੂੰ ਪਰਮੇਸ਼ਵਰ ਦੇ ਵਚਨ ਦੇ ਚੁਗਿਰਦ ਸੰਗਤ ਕਰਨ ਵਾਲੇ ਸਹਿਭਾਗੀਤਾ ਵਿੱਚ ਲਿਆਉਣ ਸੀ। ਨਿਹਚਾ ਰਾਹੀਂ ਧਰਮੀ ਠਹਿਰਨ ਦੇ ਸਮੇਂ ਕੰਮ ਦਾ ਖੇਤਰ ਬਹੁਤ ਵੱਡਾ ਸੀ। ਉਹ ਉਸ ਤੋਂ ਕਦੇ ਵੀ ਵਾਂਝੇ ਨਹੀਂ ਹੋਏ ਸਨ।

77 ਫਿਰ ਇਸ ਤੋਂ ਬਾਅਦ ਇੱਕ ਹੋਰ ਬੇਦਾਰੀ ਆਈ ਜੋ ਕਿ ਜੋਨ ਵੈਸਲੀ ਦੀ ਅਗੁਵਾਈ ਕਹਿਲਾਈ। ਇਸ ਨੇ ਉਹਨਾਂ ਨੂੰ ਉਸ ਨਿਹਚਾ ਰਾਹੀਂ ਧਰਮੀ ਠਹਿਰਾਏ ਜਾਣ ਤੋਂ ਹਿਲਾ ਕੇ ਰੱਖ ਦਿੱਤਾ ਅਤੇ ਉਹ ਉਹਨਾਂ ਨੂੰ ਪਵਿੱਤਰ ਕੀਤੇ ਜਾਣ ਵੱਲ ਲੈ ਆਈ। ਪਰਮੇਸ਼ਵਰ ਦੇ ਵਚਨ ਦੇ ਰਾਹੀਂ ਪਵਿੱਤਰ ਕੀਤਾ ਹੋਇਆ ਇੱਕ ਭਲਾ, ਸਾਫ, ਸ਼ੁੱਧ ਅਤੇ ਪਵਿੱਤਰ ਜੀਵਨ ਆਇਆ ਜਿਸਨੇ

ਉਹਨਾਂ ਦੇ ਦਿਲਾਂ ਵਿੱਚ ਖੁਸ਼ੀ ਦਿੱਤੀ। ਉਸਨੇ ਬਹੁਤ ਸਾਰੀ ਲੂਥਰਨ ਸਿੱਖਿਆ ਨੂੰ ਹਿਲਾ ਕੇ ਰੱਖ ਦਿੱਤਾ।

78 ਉਸ ਤੋਂ ਬਾਅਦ ਪਵਿੱਤਰ ਆਤਮਾ ਦੇ ਬਪਤੀਸਮੇ ਸਮੇਤ ਪੈਂਤੀਕਾਸਤਲ ਯੁੱਗ ਆਇਆ ਅਤੇ ਪਵਿੱਤਰ ਆਤਮ ਦਾ ਬਪਤੀਸਮਾਂ ਪਾਉਣ ਰਾਹੀਂ ਇਹ ਰਸਤਾ ਹੋਰ ਵੀ ਤੰਗ ਹੋ ਗਿਆ। ਇਹ ਸੱਚ ਹੈ।

ਅਤੇ ਹੁਣ ਇਹ ਹਿੱਲਣ ਸ਼ੁਰੂ ਹੋ ਗਿਆ ਹੈ। ਅਤੇ ਫਿਰ ਆਤਮਿਕ ਦਾਤਾਂ ਆਈਆਂ ਅਤੇ ਇਹਨਾਂ ਦੀ ਬਹਾਲੀ ਹੋਈ ਅਤੇ ਪਰਮੇਸ਼ਵਰ ਦਾ ਆਤਮ ਸੱਚੀ ਕਲੀਸੀਆ ਚਿੰਨ੍ਹਾਂ ਅਤੇ ਅਚੰਭਿਆ ਦੇ ਭਰਪੂਰਿ ਨਾਲ ਆਇਆ ਅਤੇ ਇਸ ਨੇ ਪੈਂਤੀਕਾਸਤਲ ਨੂੰ ਝੰਜੋੜ ਕੇ ਰੱਖ ਦਿੱਤਾ। ਇਹ ਕੀ ਹੈ? ਅਸੀਂ ਪ੍ਰਭੂ ਯਿਸੂ ਦੀ ਆਮਦ ਦੇ ਬਹੁਤ ਹੀ ਨਜਦੀਕ ਹਾਂ, ਅਤੇ ਠੀਕ ਉਹੋ ਹੀ ਆਤਮ ਜੋ ਯਿਸੂ ਮਸੀਹ ਵਿੱਚ ਸੀ। ਸੱਚੀ ਕਲੀਸੀਆ ਵਿੱਚ ਕੰਮ ਕਰ ਰਿਹਾ ਹੈ। ਅਤੇ ਉਹਨਾਂ ਹੀ ਕੰਮਾਂ ਨੂੰ ਕਰ ਰਿਹਾ ਹੈ ਜੋ ਉਸਨੇ ਧਰਤੀ ਤੇ ਰਹਿੰਦੇ ਹੋਏ ਕਿਤੇ ਸੀ। ਚੇਲਿਆਂ ਦੇ ਸਮਣੇ ਤੋਂ ਲਈ ਕੇ ਅੱਜ ਦੇ ਸਮੇਂ ਤਕ ਅਜਿਹਾ ਕਦੇ ਵੀ ਨਹੀਂ ਹੋਇਆ।

ਕਿਉਂ? ਕਿਉਂਕਿ ਇਹ ਚੋੜਾ ਸੀ ਅਤੇ ਫਿਰ ਇਹ ਹੋਰ ਤੰਗ ਹੁੰਦਾ ਗਿਆ। ਇਹ ਕੀ ਹੈ? ਠੀਕ ਉਵੇਂ ਹੀ ਜਿਵੇਂ ਕਿ ਤੁਹਾਡਾ ਹੱਥ ਤੁਹਾਡੇ ਹੱਥ ਦੇ ਪਰਛਾਵੇਂ ਦੇ ਨੇੜੇ ਆਉਂਦਾ ਹੈ; ਤਾਂ ਪਰਛਾਵਾਂ ਛੋਟਾ ਹੁੰਦਾ ਹੈ। ਇਸੇ ਤਰ੍ਹਾਂ ਹੀ ਉਹ ਪਰਛਾਵੇਂ ਹਨ। ਅੱਛਾ ਇਹ ਕੀ ਹੈ? ਇਹ ਇੱਕ ਪ੍ਰਤੀਬਿੰਬ ਹੈ। ਲੂਥਰ ਕੀ ਸੀ? ਮਸੀਹ ਦਾ ਪ੍ਰਤੀਬਿੰਬ। ਵੈਸਲੀ ਕੀ ਸੀ? ਮਸੀਹ ਦਾ ਪ੍ਰਤੀਬਿੰਬ।

79 ਵੇਖੋ, ਬਿੱਲੀ ਸੰਡੇ ਦਾ ਯੁੱਗ ਖਤਮ ਹੋ ਚੁੱਕਾ ਹੈ। ਮੇਰਾ ਅੰਦਾਜ ਹੈ ਕਿਸੇ ਦਿਨ ਬਜੁਰਗ ਡਾਕਟਰ ਵਾਇਟਣੀ ਨੇ ਇਸੇ ਪੁਲਪਿਟ ਤੇ ਸਿਖਾਇਆ ਸੀ। ਆਖਰੀ ਪ੍ਰਾਚੀਨ ਵਿਸ਼ੇਸ਼ ਦਾਰਸ਼ਨਿਕ ਸਮਪ੍ਰਦਾਈ ਦਾ ਅੰਤ 90 ਦਹਾਕਿਆਂ ਦੇ ਨੇੜੇ ਤੇੜੇ ਹੋ ਗਿਆ ਸੀ। ਬਿੱਲੀ ਸੰਡੇ ਆਪਣੇ ਦਿਨਾਂ ਵਿੱਚ ਠੰਡੀਆਂ ਕਲਿਸਿਆਵਾਂ ਵਿੱਚ ਬੇਦਾਰੀ ਲਿਆਉਣ ਵਾਲਾਂ ਸੀ। ਉਸ ਨੇ ਕਿਸੇ ਨੂੰ ਕੋਈ ਸੱਟ ਨਹੀਂ ਪਹੁੰਚਾਈ; ਉਹ ਖੜ੍ਹਾ ਹੋਇਆ ਅਤੇ ਉੱਚੀ ਅਵਾਜ ਨਾਲ ਬੋਲਿਆ "ਤੁਸੀਂ ਸਾਰੇ ਮੇਥੋਡਿਸਟੋ ਅਤੇ ਪਰਚਾਰਕੋਂ ਤੁਸੀਂ ਸਾਰੇ ਲਕੀਰ ਦੇ ਫਕੀਰ ਹੋ! ਤੁਸੀਂ ਬੇਪਤੀਸਟੋ ਅਤੇ ਪ੍ਰੇਸਬੀਟੇਰਿਆਂ ਤੁਸੀਂ ਸਾਰੇ ਲੀਕ ਦੇ ਫਕੀਰ ਹੋ!" ਉਸਨੇ ਗਿਰਜਿਆਂ ਉੱਤੇ ਕੋਈ ਚੋਟ ਨਹੀਂ ਮਾਰੀ। ਉਹ ਤਾਂ ਆਪਣੇ ਦਿਨਾਂ ਦਾ ਬਿੱਲੀ ਗ੍ਰਾਹਮ ਸੀ।

80 ਧਿਆਨ ਦਿਓ ਠੀਕ ਜਿਸ ਸਮੇਂ ਸੁਸਤ ਕਲਿਸਿਆਵਾਂ ਵਿੱਚ ਬੇਦਾਰੀ ਚੱਲ ਰਹੀ ਸੀ ਤਾਂ ਕੀ ਹੋਇਆ? ਜਦੋਂ ਫੁੱਲ ਗੋਸਪਿਲ ਕੋਲ ਬੇਦਾਰੀ ਸੀ। ਇੱਧਰ

ਬੋਸਵੋਰਥ ਭਾਈ ਸਮਿੱਥ ਵੀਗੱਲ ਸੂਰਥ ਅਤੇ ਡਾਕਟਰ ਪਾਈਰਸ ਈਮੀ ਮੈਕਫਰਸਨ ਅਤੇ ਬਹੁਤ ਸਾਰੇ ਆਏ।

ਵੇਖੋ, ਸਮਿੱਥ ਵੀਗੱਲਸੂਰਥ ਇੱਕ ਰਾਤ ਨੂੰ ਮਰ ਗਿਆ। ਅਤੇ ਡਾਕਟਰ ਪ੍ਰਾਇਸ ਅਗਲੀ ਸਵੇਰ ਮਰ ਗਿਆ ਅਤੇ ਮੈਂ 24 ਘੰਟੇ ਦੇ ਅੰਦਰ ਕੰਮ ਤੇ ਸੀ।

81 ਹੁਣ ਮੇਰਾ ਅੰਤ ਆ ਰਿਹਾ ਹੈ। ਵੇਖੋ...ਤੁਸੀਂ ਬਿੱਲੀ ਗ੍ਰਾਹਮ ਨੂੰ ਬਹੁਤ ਜਿਆਦਾ ਨਹੀਂ ਸੁਣਦੇ ਹੋ ਤੁਸੀਂ ਆਰਲ ਰੋਬਰਟ ਨੂੰ ਬਹੁਤ ਜਿਆਦਾ ਨਹੀਂ ਸੁਣਦੇ। ਮੈਂ ਵੇਖਦਾ ਹਾਂ ਕਿ ਮੇਰੀਆਂ ਸੰਗਤੀਆਂ ਵੀ ਘਟਦੀਆਂ ਜਾਂ ਰਹੀਆਂ ਹਨ। ਮਾਮਲਾ ਕੀ ਹੈ? ਅਸੀਂ ਅੰਤ ਦੇ ਸਮੇਂ ਤੇ ਹਾਂ ਦੂਸਰਾ ਯੁੱਗ ਆ ਰਿਹਾ ਹੈ।

82 ਕਿਵੇਂ ਸੰਡੇ ਬਿੱਲੀ ਅਤੇ ਉਹ ਆਏ? ਉਹ ਮੂੜੀ ਦੀ ਬੇਦਾਰੀ ਦੇ ਠੀਕ ਬਾਅਦ ਦ੍ਰਿਸ਼ ਤੇ ਆਏ ਸਨ। ਮੂੜੀ ਕਦੋਂ ਦ੍ਰਿਸ਼ ਉੱਤੇ ਆਇਆ ਸੀ। ਨੋਕਸ ਦੀ ਬੇਦਾਰੀ ਦੇ ਠੀਕ ਬਾਅਦ। ਨੋਕਸ ਕਦੋਂ ਦ੍ਰਿਸ਼ ਤੇ ਆਇਆ ਸੀ? ਫਿਨੀ ਦੀ ਬੇਦਾਰੀ ਦੇ ਬਾਅਦ। ਫਿਨੀ ਕੇਲਵਿਨ ਦੀ ਬੇਦਾਰੀ ਤੋਂ ਬਾਅਦ ਆਇਆ ਅਤੇ ਕੇਲਵਿਨ...ਅਤੇ ਇਸ ਤਰ੍ਹਾਂ ਵੈਸਲੀ ਆਇਆ ਅਤੇ ਵੈਸਲੀ ਤੋਂ ਬਾਅਦ ਲੂਥਰ ਤੋਂ ਬਾਅਦ ਆਇਆ ਅਤੇ ਇਹ ਇਸੇ ਤਰ੍ਹਾਂ ਚੱਲਦਾ ਗਿਆ। ਜਿਵੇਂ ਕਿ ਕਿਸੇ ਬੇਦਾਰੀ ਦਾ ਅੰਤ ਹੁੰਦਾ ਹੈ ਪਰਮੇਸ਼ਵਰ ਕਿਸੇ ਹੋਰ ਨੂੰ ਖੜ੍ਹਾ ਕਰ ਦਿੰਦਾ ਹੈ ਅਤੇ ਉਹ ਹੋਰ ਜਿਆਦਾ ਚਾਨਣ ਫੈਲਾਉਂਦਾ ਹੈ ਅਤੇ ਬਸ ਇਸੇ ਤਰ੍ਹਾਂ ਹੀ ਚੱਲਦਾ ਹੈ।

83 ਹੁਣ ਅਸੀਂ ਇਸ ਸਮੇਂ ਦੇ ਅੰਤ ਤੇ ਹਾਂ। ਹਰੇਕ ਵਿਅਕਤੀ ਨੇ ਆਪਣੇ ਸਮੇਂ ਦੀ ਸਮਾਪਤੀ ਲਈ ਮਸੀਹ ਦੀ ਆਮਦ ਦੀ ਇੰਤਜਾਰ ਕੀਤੀ। ਪਰ ਉਹਨਾਂ ਨੇ ਸਾਰੀਆਂ ਗੱਲਾਂ ਨੂੰ ਪਹਿਲਾਂ ਹੀ ਵੇਖਣਾ ਸੀ; ਯਹੂਦੀਆਂ ਦੀ ਅਪਣੇ ਦੇਸ਼ ਵਿੱਚ ਵਾਪਸੀ, ਆਕਾਸ਼ ਵਿੱਚ ਉੱਡਦੀਆਂ ਹੋਈਆਂ ਤਸ਼ਤਰੀਆਂ ਅਤੇ ਉਹ ਸਾਰੀਆਂ ਹੀ ਚੀਜ਼ਾਂ ਜਿਹਨਾਂ ਨੂੰ ਅਸੀਂ ਅੱਜ ਵੇਖਦੇ ਹਾਂ। ਪਰ ਅਸੀਂ ਅੰਤ ਤੇ ਆ ਗਏ ਹਾਂ। ਉਹ ਜਾਣਦੇ ਸਨ ਕਿ ਖੁਦਾ ਦੀ ਸੱਚੀ ਕਲੀਸੀਆ ਨੇ ਸ਼ਕਤੀ ਪਾਉਣੀ ਹੈ। ਤਾਂ ਉਹ ਸੱਚੀ ਕਲੀਸੀਆ ਵਿੱਚ ਮਸੀਹ ਦੇ ਉਹਨਾਂ ਹੀ ਕੰਮਾਂ ਨੂੰ ਕਰ ਸਕੇ, ਕਿਉਂਕਿ ਜਿਵੇਂ ਜਿਵੇਂ ਪਰਛਾਵਾਂ ਗੂੜਾ ਹੁੰਦਾ ਜਾਂਦਾ ਹੈ, ਉਹ ਅਸਲੀ ਚੀਜ਼ ਨੂੰ ਹੋਰ ਜਿਆਦਾ ਪ੍ਰਤੀਬਿੰਬ ਕਰਦਾ ਹੈ।

84 ਤੁਸੀਂ ਕਿਸੇ ਇੱਕ ਪਰਛਾਵੇਂ ਨੂੰ ਲਓ ਅਤੇ ਤੁਸੀਂ ਵੇਖਦੇ ਹੋ ਕਿ ਜਿੰਨ੍ਹੀ ਦੂਰ ਪਰਛਾਵਾਂ ਹੁੰਦਾ ਹੈ ਉਂਨ੍ਹਾਂ ਹੀ ਘੱਟ ਉਸਦਾ ਪ੍ਰਤੀਬਿੰਬ ਹੁੰਦਾ ਹੈ। ਕੁਝ ਦੇਰ ਬਾਅਦ ਪਰਛਾਵਾਂ ਏਨੀ ਹੋਰ ਲਾਗਏ ਆਉਂਦਾ ਜਾਂਦਾ ਹੈ ਕਿ ਰੁੱਖ ਅਤੇ ਪਰਛਾਵਾਂ ਇੱਕ ਹੋ ਜਾਂਦੇ ਹਨ।

85 ਹੁਣ ਪਰਮੇਸ਼ਵਰ ਦੇ ਆਤਮਾ ਨੇ ਧਰਮੀ ਠਹਿਰਾਏ ਜਾਣ ਦੇ ਦੋਰਾਨ ਲੂਥਰ ਦੇ ਧਰਮੀ ਠਹਿਰਾਏ ਜਾਣ ਦੇ ਸਮੇਂ ਦੋਰਾਨ ਕੰਮ ਕੀਤਾ, ਵੈਸਲੀ ਰਾਹੀਂ ਪਵਿੱਤਰ ਕੀਤੇ ਜਾਣ ਦੋਰਾਨ ਕੰਮ ਕੀਤਾ; ਪੈਂਤੀਕੁਸਟ ਰਾਹੀਂ ਪਵਿੱਤਰ ਆਤਮਾ ਦਾ ਬਪਤੀਸਮਾ ਪਾਉਣ ਦੋਰਾਨ ਪਰਮੇਸ਼ਵਰ ਦੇ ਆਤਮਾ ਨੇ ਕੰਮ ਕੀਤਾ; ਅਤੇ ਇੱਥੇ ਅੰਤ ਦੇ ਦਿਨਾਂ ਵਿੱਚ ਉਹ ਉਹਨਾਂ ਹੀ ਕੰਮਾਂ ਨੂੰ ਕਰ ਰਿਹਾ ਸੀ ਜੋ ਉਸਨੇ ਉਸ ਸਮੇਂ ਕੀਤੇ ਜਦੋਂ ਉਹ ਮਸੀਹ ਵਿੱਚ ਸੀ। ਇਹ ਕੀ ਸੀ? ਸੱਚੀ ਕਲੀਸੀਆ ਅਤੇ ਮਸੀਹ ਇੱਕ ਹੋ ਗਏ ਹਨ।

ਅਤੇ ਜਿਉਂ ਹੀ ਉਹ ਆਖਰੀ ਕੜੀ ਨੂੰ ਜੋੜ ਲੈਣਗੇ, ਤਿਉਂ ਹੀ ਪਰਮੇਸ਼ਵਰ ਦੀ ਦੁਲਹਨ ਆਨੰਦ ਮਨਾਉਂਦੀ ਹੋਈ ਆਕਾਸ਼ ਵਿੱਚੋਂ ਹੁੰਦੀ ਹੋਈ ਮਹਿਮਾ ਵਿੱਚ ਚਲੀ ਜਾਵੇਗੀ। ਸਭ ਤੋਂ ਪਹਿਲਾਂ ਵੈਸਲੀ ਅਤੇ ਉਸ ਦੇ ਯੁੱਗ ਦੇ ਲੋਕ, ਲੂਥਰ ਅਤੇ ਉਹ ਬਾਕੀ ਸਭ ਜੋ ਉਹਨਾਂ ਪਿਛਲੇ ਦਿਨਾਂ ਵਿੱਚ ਸਨ, ਉਤਾਂਹ ਆਉਣਗੇ ਕਿਉਂਕਿ ਬਾਈਬਲ ਆਖਦੀ ਹੈ, "ਜੋ ਅਗਲਾ ਹੈ ਉਹ ਪਿਛਲਾ ਅਤੇ ਜੋ ਪਿਛਲਾ ਹੈ ਉਹ ਅਗਲਾ ਕੀਤਾ ਜਾਵੇਗਾ," ਅਤੇ ਇਸ ਤਰ੍ਹਾਂ ਜੀ ਉਠਣਾ ਹੋਵੇਗਾ।

86 ਅਸੀਂ ਆਖਰੀ ਸਮੇਂ ਵਿੱਚ ਹਾਂ। ਸੁਣੋ, ਪਵਿੱਤਰ ਆਤਮਾ ਇਹੋ ਹੀ ਕੰਮ ਕਰਦਾ ਹੈ, ਪਵਿੱਤਰ ਆਤਮਾ ਨੇ ਧਰਮੀ ਠਹਿਰਾਏ ਜਾਣ ਦੇ ਰਾਹੀਂ ਆਪਣਾ ਹਲਕਾ ਜਿਹਾ ਪਰਛਾਵਾਂ ਬਣਾਇਆ, ਪਵਿੱਤਰ ਆਤਮਾ ਨੇ ਪਵਿੱਤਰ ਕੀਤੇ ਜਾਣ ਦੇ ਰਾਹੀਂ ਥੋੜ੍ਹਾ ਜਿਹਾ ਹੋਰ ਗੂੜਾ ਪਰਛਾਵਾਂ ਬਣਾਇਆ; ਹੁਣ ਪਵਿੱਤਰ ਆਤਮਾ, ਇੱਥੇ ਆਪਣੇ ਅਸਲੀ ਰੂਪ ਵਿੱਚ ਹੈ ਅਤੇ ਠੀਕ ਉਹਨਾਂ ਹੀ ਚਿੰਨ੍ਹਾਂ ਅਤੇ ਅਜੀਬ ਕੰਮਾਂ ਨੂੰ ਵਿਖਾ ਰਿਹਾ ਹੈ ਜੋ ਉਸਨੇ ਸ਼ੁਰੂ ਵਿੱਚ ਵਿਖਾਏ ਸਨ। ਵਾਹ! ਤਾਰੀਫ ਹੋਵੇ। ਲੋਕ ਮੈਨੂੰ "ਪਵਿੱਤਰ ਪਾਖੰਡੀ" ਕਹਿੰਦੇ ਹਨ, ਅਤੇ ਹੋ ਸਕਦਾ ਹੈ ਕਿ ਲੋਕ ਤੁਹਾਨੂੰ ਵੀ ਇਹੋ ਹੀ ਆਖਣ ਲੱਗ ਪੈਣ।

87 ਸੁਣੋ, ਭਇਓ ਇਸ ਨੂੰ ਸੁਣੋ।

> *...ਸਾਰੀਆਂ ਮੇਜਾਂ ਕੈ ਅਤੇ ਵਿਸ਼ਟੇ ਨਾਲ ਭਰੀਆਂ ਹੋਈਆਂ ਹਨ... ਕੋਈ ਥਾਂ ਸਾਫ ਨਹੀਂ ਹੈ।*
>
> ਉਹ ਕਿਹਨੂੰ ਗਿਆਨ ਸਿਖਾਵੇਗਾ? *...ਅਤੇ ਉਹ ਕਿਸ ਨੂੰ ਪ੍ਰਚਾਰ ਦੀ ਸਮਝ ਦੇਵੇਗਾ? ਕੀ ਉਹਨਾਂ ਨੂੰ ਜਿਹਨਾਂ ਦਾ ਦੁੱਧ ਛੁਡਾਇਆ ਗਿਆ, ਜਾਂ ਜਿਹੜੇ ਦੁਧੀਆਂ ਤੋਂ ਅੱਡ ਕੀਤੇ ਗਏ?*

ਛੋਟੇ ਬੱਚਿਆਂ ਨੂੰ ਨਹੀਂ; ਉਹ ਆਪਣੇ ਗਿਆਨ ਅਤੇ ਪ੍ਰਚਾਰ ਦੀ ਸਮਝ ਪ੍ਰੇਸਬੀਟੇਰਿਅਨ ਬੱਚਿਆਂ ਨੂੰ, ਮੇਥੋਡਿਸਟ ਬੱਚਿਆਂ ਨੂੰ ਪੈਂਤੀਕਾਸਤਲ ਬੱਚਿਆਂ ਨੂੰ ਲੂਥਰਨ ਬੱਚਿਆਂ ਨੂੰ ਨਾਜਰੀਨ ਬੱਚਿਆਂ ਨੂੰ ਨਹੀਂ ਦੇਵੇਗਾ। ਉਹ ਤਾਂ ਕਿਸੇ ਅਜਿਹੇ ਵਿਅਕਤੀ ਨੂੰ ਆਪਣਾ ਗਿਆਨ ਅਤੇ ਸਮਝ ਦੇਣੀ ਚਾਹੁੰਦਾ

ਹੈ ਜੋ ਦੁਧੀਆਂ ਤੋਂ ਅਲੱਗ ਕੀਤਾ ਹੋਇਆ ਹੋਵੇ ਅਤੇ ਸਖਤ ਮਾਸ ਖਾਂਦਾ ਹੋਵੇ। ਇਥੇ ਉਹ ਆਉਂਦਾ ਹੈ;

> *ਇਸ ਲਈ ਵਚਨ ਉੱਤੇ ਵਚਨ...ਵਚਨ ਉੱਤੇ...ਨੇਮ ਉੱਤੇ ਨੇਮ... ਨੇਮ ਉੱਤੇ, ...ਉੱਤੇ ਨੇਮ; ਥੋੜਾ ਇੱਥੋਂ, ਅਤੇ ਥੋੜਾ ਉੱਥੋਂ:*
>
> *ਕਿਓ ਜੋ ਮੈਂ ਇਹਨਾਂ ਲੋਕਾਂ ਨਾਲ ਲੜਖੜਾਉਦੇ ਹੋਏ ਬੁੱਲਾਂ ਨਾਲ ਅਤੇ ਹੋਰ ਭਾਸ਼ਾ ਨਾਲ ਗੱਲਾਂ ਕਰਂਗਾਂ*
>
> *ਜਿਹਨਾਂ ਨੂੰ ਉਸਨੇ ਆਖਿਆ, ਇਹ ਅਰਾਮ ਹੈ, ਹੁੱਸੇ ਹੋ ਨੂੰ ਅਰਾਮ ਦਿਓ ਅਤੇ ਚੇਨ ਇਹ ਹੈ, ਪਰ ਉਹਨਾਂ ਨੇ ਸੁਣਨਾ ਨਾ ਚਾਹਿਆ।*

88 ਪਵਿੱਤਰ ਆਤਮਾ ਕੀ ਇਹ ਠੀਕ ਇਸੇ ਢੰਗ ਨਾਲ ਹੀ ਪੈਂਤੀਕੁਸਤ ਦੇ ਦਿਨ ਨਹੀਂ ਸੀ ਆਇਆ ਜਦੋਂ ਕਿ ਉਸਦੇ ਆਉਣ ਦੀ ਭਵਿੱਖਬਾਣੀ ਕਰ ਦਿੱਤੀ ਗਈ ਸੀ। ਇੱਥੇ ਉਹ ਪੈਂਤੀਕੁਸਤ ਦੇ ਦਿਨ ਵੀ ਠੀਕ ਉਸੇ ਤਰ੍ਹਾਂ ਹੀ ਆਇਆ ਸੀ।

89 ਕਿਸੇ ਨੇ ਆਖਿਆ, "ਸਬਤ ਨੂੰ ਮਨਾਉਣਾ" ਮੈਂ ਕਿਸੇ ਨੂੰ ਰੱਦ ਨਹੀਂ ਕਰ ਰਿਹਾ ਅਤੇ ਨਾ ਹੀ ਕਿਸੇ ਦੇ ਗਿਰਜੇ ਨੂੰ ਜਾਂ ਧਰਮ ਨੂੰ ਉਜਾਗਰ ਕਰ ਰਿਹਾ ਹਾਂ ਪਰ ਕਿਸੇ ਨੇ ਆਖਿਆ, "ਸਬਤ ਦਾ ਦਿਨ, ਪਰਮੇਸ਼ਵਰ ਦਾ ਸਬਤ ਆਰਾਮ ਦਾ ਦਿਨ ਸੀ"।

*ਇੱਥੇ* ਆਰਾਮ ਦਾ ਦਿਨ ਹੈ [ਭਾਈ ਬ੍ਰਹਨਮ ਆਪਣੀ ਬਾਈਬਲ ਨੂੰ ਚੁੱਕ ਕੇ ਦਿਖਾਉਂਦੇ ਹਨ—ਸੰਪਾ] "ਇਹ ਆਰਾਮ ਹੈ" ਪਰਮੇਸ਼ਵਰ ਨੇ ਆਖਿਆ, "ਹੁੱਸੇ ਹੋ ਨੂੰ ਅਰਾਮ ਦਿਓ"। ਇਸ ਤੋਂ ਆਰਾਮ ਮਿਲਦਾ ਹੈ। ਆਮੀਨ! "ਇਹ ਵਚਨ ਦੇ ਉੱਤੇ ਵਚਨ, ਨੇਮ ਉੱਤੇ ਨੇਮ"। ਇਹ ਹੈ ਅਰਾਮ। ਪਵਿੱਤਰ ਆਤਮਾ ਕੀ ਹੈ? ਇਹ ਤਾਂ ਅਰਾਮ ਹੈ। ਔਹ।

> *ਹੇ ਸਾਰੇ ਥਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ।*

90 ਉਹ ਕੀ ਹੈ? ਉਹ ਤਾਂ ਉਹ ਹੈ ਜੋ ਤੁਹਾਡੇ ਅੰਦਰ ਆਉਂਦਾ ਹੈ ਤੁਹਾਨੂੰ ਸ਼ਾਂਤੀ ਦਿੰਦਾ ਹੈ, ਉਹ ਤੁਹਾਡਾ ਚਿੰਨ੍ਹ ਹੈ, ਤੁਹਾਡਾ ਅਰਾਮ ਦੇਣ ਵਾਲਾਂ ਹੈ, ਉਹ ਤੁਹਾਡਾ ਸਹਾਇਕ ਹੈ, ਤੁਹਾਨੂੰ ਅਰਾਮ ਦਿੰਦਾ ਹੈ ਤੁਹਾਨੂੰ ਮੋਹਰਬੰਦ ਕਰਦਾ ਹੈ।

91 ਤੁਸੀਂ ਕਿਵੇਂ ਹੋ...? ਇਹ ਇੱਕ ਚਿੰਨ੍ਹ ਹੈ; ਜਦੋਂ ਪਵਿੱਤਰ ਆਤਮਾ ਤੁਹਾਡੇ ਅੰਦਰ ਆ ਜਾਂਦਾ ਹੈ ਤਾਂ ਸਾਰੇ ਸੰਸਾਰ ਨੂੰ ਪਤਾ ਲੱਗ ਜਾਂਦਾ ਹੈ ਕਿ ਤੁਹਾਡੇ ਨਾਲ ਕੁਝ ਵਾਪਰਿਆ ਹੈ। ਇਹ ਕੀ ਹੈ? ਇਹ ਸਹਾਇਕ ਹੈ। ਇਹ ਕਿ ਹੈ? ਇਹ ਇੱਕ ਮੋਹਰ ਹੈ। ਤੁਸੀਂ ਅਰਾਮ ਵਿੱਚ ਹੋ। ਤੁਹਾਡੇ ਕੋਲ...ਉਹ ਤੁਹਾਡ

ਵਕੀਲ ਹੈ। ਜੇਕਰ ਤੁਹਾਡੇ ਨਾਲ ਕੋਈ ਗੜਬੜ ਹੁੰਦੀ ਹੈ ਤਾਂ ਉੱਥੇ ਤੁਰੰਤ ਤੁਹਾਡੀ ਪੈਰਵੀ ਕਰਨ ਲਈ ਤੁਹਾਡੇ ਲਈ ਵਿਚੋਲਗੀ ਦਾ ਕੰਮ ਕਰਨ ਲਈ ਕੋਈ ਖਲੋਤਾ ਹੁੰਦਾ ਹੈ। ਇਹੋ ਜਿਉਂਦੇ ਪਰਮੇਸ਼ਵਰ ਦਾ ਆਤਮਾ ਹੈ ਜੋ ਪਰਮੇਸ਼ਵੇ ਦੀ ਸੱਚੀ ਕਲੀਸੀਆ ਵਿੱਚ ਹੈ। ਅਤੇ ਜਿਵੇਂ ਕਿ ਇਸਦੇ ਬਾਰੇ ਭਵਿੱਖਬਾਣੀ ਕੀਤੀ ਗਈ ਸੀ ਕਿ ਜਦੋਂ ਉਹ ਆਵੇਗਾ ਤਾਂ ਕੀ ਹੋਵੇਗਾ। ਇਹ ਬਿਲਕੁਲ ਉਸੇ ਤਰ੍ਹਾਂ ਹੀ ਹੈ, ਇਸ ਬਾਰੇ ਭਵਿੱਖਬਾਣੀ ਕੀਤੀ ਗਈ ਸੀ ਕਿ ਅਨੰਤਕਾਲ ਦਾ ਆਰਾਮ, ਹਮੇਸ਼ਾ ਦਾ ਆਰਾਮ ਹੋਵੇਗਾ।

92 ਪਰਮੇਸ਼ਵਰ ਨੇ ਜਗਤ ਦੀ ਉਤਪਤੀ ਕੀਤੀ। ਇਬਰਾਨੀਆਂ, ਚੌਥਾ ਅਧਿਆਏ ਕਹਿੰਦਾ ਹੈ, "ਪਰਮੇਸ਼ਵਰ ਨੇ ਜਗਤ ਦੀ ਉਤਪਤੀ ਕੀਤੀ, ਅਤੇ ਸੱਤਵੇਂ ਦਿਨ ਅਰਾਮ ਕੀਤਾ"। ਇਹ ਸਹੀ ਗੱਲ ਹੈ।

ਅੱਠਵਾਂ ਦਿਨ ਵਿੱਚ ਤੁਸੀਂ ਫਿਰ ਪਹਿਲੇ ਦਿਨ ਵਿੱਚ ਆ ਜਾਂਦੇ ਹੋ... ਪਰਮੇਸ਼ਵਰ ਨੇ ਉਹ ਇੱਕ ਨਿਸ਼ਚਿਤ ਸਮੇਂ ਦੇ ਲਈ ਯਹੂਦੀਆਂ ਲਈ ਇੱਕ ਨੇਮ ਕਰਕੇ ਦਿੱਤਾ ਸੀ। ਇਹ ਸਹੀ ਗੱਲ ਹੈ। ਪਰ ਉਹ ਜਾਂਦੇ ਹਨ ਅਤੇ ਇੱਕ ਦਿਨ ਅਰਾਮ ਕਰਦੇ ਹਨ; ਤੁਸੀਂ ਅੱਠਵੇਂ ਦਿਨ ਤੇ ਆਓ ਤਾਂ ਤੁਸੀਂ ਦੁਬਾਰਾ ਪਹਿਲੇ ਦਿਨ ਤੇ ਹੀ ਆ ਜਾਂਦੇ ਹੋ ਫਿਰ ਅਗਲਾ ਸ਼ੁਰੂ ਹੋ ਜਾਂਦਾ ਹੈ। ਇਹ ਉਹ ਆਰਾਮ ਨਹੀਂ ਹੈ ਜਿਸ ਬਾਰੇ ਪਰਮੇਸਵਰ ਨੇ ਆਖਿਆ ਸੀ।

ਜਦੋਂ ਪਰਮੇਸ਼ਵਰ ਨੇ ਛੇ ਦਿਨਾਂ ਵਿੱਚ ਜਗਤ ਦੀ ਉਤਪਤੀ ਕੀਤੀ, ਤਾਂ ਜਦੋਂ ਉਸ ਨੇ ਅਰਾਮ ਕੀਤਾ ਤਾਂ ਉਹ ਉਦੋਂ ਤੋਂ ਲੈ ਕੇ ਅਰਾਮ ਕਰ ਰਿਹਾ ਹੈ। ਇਹ ਸੱਚ ਹੈ। ਇਹੀਦੇ ਨਾਲ ਗੱਲ ਖਤਮ ਹੋ ਗਈ। ਉਹ ਦੁਬਾਰਾ ਅੱਠਵੇਂ ਦਿਨ ਤੇ ਨਹੀਂ ਆਇਆ ਅਤੇ ਨਾ ਹੀ ਉਸ ਨੇ ਦੁਬਾਰਾ ਸ਼ੁਰੂਆਤ ਕੀਤੀ, ਇਹ ਤਾਂ ਬਸ ਪਰਛਾਵਾਂ ਹੀ ਸੀ ਨਮੂਨਾ ਹੀ ਸੀ।

93 ਇਹ ਤਾਂ ਬਸ ਨਮੂਨਾ ਹੀ ਸੀ ਜਿਵੇਂ ਕਿ ਚੰਦਰਮਾ ਸੂਰਜ ਦਾ ਨਮੂਨਾ ਹੈ, ਜਦੋਂ ਸੂਰਜ ਚੜ੍ਹ ਜਾਂਦਾ ਹੈ, ਤਾਂ ਸਾਨੂੰ ਚੰਦਰਮਾ ਦੀ ਲੋੜ ਨਹੀਂ ਪੈਂਦੀ। ਹੁਣ ਇਸ ਤੇ ਧਿਆਨ ਦਿਓ ਔਹ ਪ੍ਰਕਾਸ਼ ਦੀ ਪੋਥੀ ਦੇ ਗਿਆਰਾਂ ਬਾਬ ਵਿੱਚ ਜਿੱਥੇ ਇਹ ਆਖਿਆ ਗਿਆ ਹੈ "ਇੱਕ ਔਰਤ ਹੈ ਜਿਸ ਦੇ ਪੈਰਾਂ ਥੱਲੇ ਚੰਦਰਮਾ ਅਤੇ ਸਿਰ ਅਤੇ ਸੂਰਜ ਹੈ"। ਔਹ, ਅਸੀਂ ਬਾਈਬਲ ਵਿੱਚ ਇੱਕ ਆਇਤ ਤੋਂ ਦੂਸਰੀ ਆਇਤ ਦਾ ਅਧਿਐਨ ਕਰਦੇ ਹੋਏ ਤੁਹਾਨੂੰ ਇਹ ਵਿਖਾ ਸਕਦੇ ਹਾਂ। ਸਮਝੇ?

94 ਪਰ ਇਹ ਕੀ ਹੈ? ਜਦੋਂ ਕਿ ਬਾਈਬਲ ਇਬਰਾਨੀਆਂ ਦੇ ਚੌਥੇ ਅਧਿਆਏ ਵਿੱਚ ਆਖਦੀ ਹੈ, "ਜੇ ਕਰ ਯਹੋਸ਼ੂਆ ਨੇ ਉਹਨਾਂ ਨੂੰ ਅਰਾਮ ਦਿੱਤਾ ਹੁੰਦਾ ਤਾਂ ਪਰਮੇਸ਼ਵਰ ਉਸ ਤੋਂ ਮਗਰੋਂ ਕਿਸੇ ਹੋਰ ਦਿਨ ਦੀ ਗੱਲ ਨ ਕਰਦਾ। ਉਸਨੇ

ਇੱਕ ਅਰਾਮ ਦੇ ਦਿਨ ਦੀ ਗੱਲ ਕੀਤੀ ਹੈ"। ਉਸਨੇ ਅਰਾਮ ਦੇ ਕਿਹੜੇ ਦਿਨ ਦੀ ਗੱਲ ਕੀਤੀ ਹੈ?

*ਹੇ ਸਾਰੇ ਥੱਕੇ ਹੋਇਓ ਅਤੇ ਬੋਝ ਹੇਠ ਦੱਬੇ ਹੋਇਓ ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ।*

95 ਮੱਤੀ 4 ਬਾਬ ਦੀ 22 ਆਇਤ...ਵੇਖੋ, ਤਦ ਅਸੀਂ ਵੇਖਿਆ ਹੈ ਕਿ ਜਦੋਂ ਅਸੀਂ ਯਿਸੂ ਕੋਲ ਆਉਂਦੇ ਹਾਂ। "ਕਿਉਂਕਿ ਉਹ," ਇਬਰਾਨੀਆਂ ਦਾ 4 ਅਧਿਆਏ ਆਖਦਾ ਹੈ, "ਜਿਹੜਾ ਯਿਸੂ ਦੇ ਅਰਾਮ ਵਿੱਚ ਵੜ ਗਿਆ, ਉਹ ਨੇ ਵੀ ਆਪ ਆਪਣੀਆਂ ਸੰਸਾਰਿਕ ਕੰਮਾਂ ਤੋਂ ਵਿਹਲੇ ਹੋ ਕੇ ਅਰਾਮ ਕੀਤਾ ਜਿਵੇਂ ਪਰਮੇਸ਼ਵਰ ਨੇ ਆਪਣਿਆਂ ਕੰਮਾਂ ਤੋਂ," ਜਦੋਂ ਉਸਨੇ ਜਗਤ ਦੀ ਉਤਪਤੀ ਕੀਤੀ ਤਾਂ ਕਿ ਉਹ ਇਸ ਉੱਤੇ ਵਾਪਿਸ ਨਾ ਆਵੇ। ਕਦੋਂ ਤਕ? [ਭਾਈ ਬ੍ਰਾਨਹਮ ਤਿੰਨ ਵਾਰ ਪੁਲਪਿਟ ਖੜਕਾਉਂਦੇ ਹਨ-ਸੰਪਾ] ਕਦੋਂ ਤਕ ਦੇ ਲਈ ਤੁਹਾਡੇ ਉੱਤੇ ਪਵਿੱਤਰ ਆਤਮਾ ਦੀ ਮੋਹਰ ਲੱਗਦੀ ਹੈ? "ਤੁਹਾਡੇ ਛੁਟਕਾਰੇ ਦੇ ਦਿਨ ਤਕ ਦੇ ਲਈ"। ਇਹ ਤਾਂ ਅਰਾਮ ਹੈ, ਸਹਾਇਕ ਹੈ, ਵਕੀਲ ਹੈ, ਮੋਹਰ ਹੈ, ਛੁਡਾਉਣ ਵਾਲਾ ਹੈ। ਔਹ! [ਭਾਈ ਬ੍ਰਾਨਹਮ ਇੱਕ ਵਾਰ ਤਾੜੀ ਵਜਾਉਂਦੇ ਹਨ-ਸੰਪਾਦਕ] ਮੈਂ ਇੱਕ ਤਰ੍ਹਾਂ ਨਾਲ ਜੋਸ਼ ਨਾਲ ਭਰ ਗਿਆ ਹਾਂ, ਮੈਨੂੰ ਇੱਕ ਤਰ੍ਹਾਂ ਦੀ ਬਰਕਤ ਮਿਲੀ ਹੈ। ਔਹ!

96 "ਭਾਈ ਬ੍ਰਾਨਹਮ ਕੀ ਇਹ ਵਾਦਾ ਸਾਡੇ ਨਾਲ ਕੀਤਾ ਗਿਆ ਹੈ? ਕੀ ਇਸਨੂੰ ਬਾਈਬਲ ਸਿੱਧ ਕਰਦੀ ਹੈ?"

ਠੀਕ ਹੈ, ਆਓ ਅਸੀਂ ਯੋਏਲ ਨਬੀ ਦੀ ਕਿਤਾਬ ਕੱਢੀਏ ਅਤੇ ਵੇਖੀਏ ਕਿ ਯੋਏਲ ਨਬੀ ਨੇ ਇਸ ਦੇ ਬਾਰੇ ਕੀ ਆਖਿਆ ਹੈ?

ਮੈਂ ਪਰਮੇਸ਼ਵਰ ਦੇ ਮੁਬਾਰਕ ਵਚਨ ਦੇ ਲਈ ਕਿੰਨਾ ਧੰਨਵਾਦੀ ਹਾਂ! ਕੀ ਤੁਹਾਨੂੰ ਪਰਮੇਸ਼ਵਰ ਦਾ ਵਚਨ ਪਿਆਰਾ ਲੱਗਦਾ ਹੈ? [ਸਭਾ ਆਖਦੀ ਹੈ, "ਆਮੀਨ"-ਸੰਪਾ] ਮੈਂ ਸੋਚਦਾ ਹਾਂ ਜੇਕਰ ਵਚਨ ਨਾ ਹੁੰਦਾ ਤਾਂ ਮੈਂ ਨਹੀਂ ਜਾਣਦਾ ਕਿ ਅਸੀਂ ਕਿੱਥੇ ਖਲੋਤੇ ਹੁੰਦੇ। ਬਿਲਕੁਲ ਸਹੀ ਗੱਲ ਹੈ।

ਹੁਣ ਅਸੀਂ ਯੋਏਲ ਨਬੀ ਦੀ ਕਿਤਾਬ ਤੇ ਹਾਂ। ਹੁਣ ਅਸੀਂ ਯੋਏਲ ਨਬੀ ਦੀ ਕਿਤਾਬ ਦੀ 28 ਆਇਤ ਤੋਂ ਪੜ੍ਹਨਾ ਸ਼ੁਰੂ ਕਰਾਂਗੇ। 2: 28 ਯਿਸੂ ਮਸੀਹ ਦੇ ਆਉਣ ਤੋਂ ਅੱਠ ਸੌ ਸਾਲ ਪਹਿਲਾਂ ਇਸ ਨਬੀ ਨੇ ਪਰਮੇਸ਼ਵਰ ਦੇ ਆਤਮਾ ਵਿੱਚ ਆ ਕੇ ਇਹ ਆਖਿਆ। ਹੁਣ ਸੁਣੋ।

*ਇਹ ਦੇ ਮਗਰੋਂ ਇਉਂ ਹੋਵੇਗਾ ਕਿ ਮੈਂ ਆਪਣਾ ਆਤਮਾ ਸਾਰੇ ਸ਼ਰੀਰਾਂ ਤੇ ਵਹਾਵਾਂਗਾ...ਅਤੇ ਤੁਹਾਡੇ ਪੁੱਤਰ ਅਤੇ ਧੀਆਂ ਅਗੰਮ*

*ਵਾਕ ਕਰਨਗੇ, ਤੁਹਾਡੇ ਬੁੱਢੇ ਸੁਫ਼ਨੇ ਵੇਖਣਗੇ ਅਤੇ ਤੁਹਾਡੇ ਜਵਾਨ ਦਰਸ਼ਨ ਵੇਖਣਗੇ:*

*ਨਾਲੇ ਮੈਂ ਆਪਣੇ ਦਾਸਾਂ ਅਤੇ ਦਾਸੀਆਂ ਉੱਤੇ ਉਨ੍ਹਾਂ ਦਿਨ ਵਿੱਚ ਆਪਣਾ ਆਤਮਾ ਵਹਾਵਾਂਗਾ...ਉਹਨਾਂ ਦਿਨਾਂ ਵਿੱਚ, ਆਪਣਾ ਆਤਮਾ, ਉਂਡੇਲਾਂਗਾ।*

*ਮੈਂ ਅਕਾਸ਼ ਅਤੇ ਧਰਤੀ ਤੇ ਅਚੰਭੇ ਵਿਖਾਵਾਂਗਾ, ਲਹੂ ਅੱਗ ਧੂੰਏ ਦੇ ਥੰਮ੍ਹ। ਸੂਰਜ ਹਨੇਰਾ ਅਤੇ ਚੰਦ ਲਹੂ ਬਣ ਜਾਵੇਗਾ...ਪਰਮੇਸ਼ਵਰ ਦੇ ਵੱਡੇ ਅਤੇ ਭਿਆਨਕ ਦਿਨ ਦੇ ਆਉਣ ਤੋਂ ਪਹਿਲਾਂ। ਇਉਂ ਹੋਵੇਗਾ ਜੇ ਕੋਈ ਯਹੋਵਾਹ ਦਾ ਨਾਮ ਲੈ ਕੇ ਪੁਕਾਰੇਗਾ ਉਹ ਬਚਾਇਆ ਜਾਵੇਗਾ:*

97 ਇਹ ਹੈ...ਔਹ! ਕੀ? ਜੋਏਲ! ਕੀ ਤੁਸੀਂ ਧਿਆਨ ਦਿੱਤਾ? ਰਸੂਲਾਂ ਦੇ ਕਰਤਬ 2 ਵਿੱਚ, ਪਤਰਸ ਨੇ ਉਹੀ ਆਇਤ ਨੂੰ ਲਿਆ। ਆਖਿਆ, "ਹੇ ਇਸਰਾਏਲੀ ਪੁਰਖੋ, ਮੇਰੀਆਂ ਗੱਲਾਂ ਸੁਣੋ, ਇਹ ਨਸ਼ੇ ਵਿੱਚ ਨਹੀਂ ਹਨ", ਇਹ ਮੋਹਰ, ਦਿਲਾਸਾ ਦਿੰਦੀ ਹੈ, ਇਹ ਖਾਸ ਲੋਕ ਹਨ ਮੋਹਰ ਲੱਗੇ ਹੋਏ ਲੋਕ ਹਨ। "ਜਿਵੇਂ ਕਿ ਤੁਸੀਂ ਸੋਚਦੇ ਹੋ ਇਹਨਾਂ ਨੇ ਸ਼ਰਾਬ ਨਹੀਂ ਪੀਤੀ ਹੋਈ" ਰਸੂਲਾਂ ਦੇ ਕਰਤਬ 2, ਦੇਖਦੇ ਹਾਂ ਕਿ ਅਜੇ ਤਾਂ ਪਹਿਰ ਦਿਨ ਹੀ ਚੜ੍ਹਿਆ ਹੈ। ਪਰ ਇਹ ਉਹ ਗੱਲ ਹੈ ਜੋ ਯੋਏਲ ਨਬੀ ਨੇ ਆਖੀ ਸੀ, ਕਿ "ਅੰਤ ਦੇ ਦਿਨਾਂ ਵਿੱਚ ਇਉਂ ਹੋਵੇਗਾ ਕਿ ਮੈਂ ਆਪਣਾ ਆਤਮਾ ਸਾਰੇ ਸ਼ਰੀਰਾਂ ਉੱਤੇ ਵਹਾ ਦਿਆਂਗਾ"।

98 ਇਹ ਕੀ ਹੈ? ਪਵਿੱਤਰ ਆਤਮ ਕੀ ਹੈ? ਠੀਕ ਹੈ। ਹੁਣ ਆਓ ਅਸੀਂ ਇਸ ਉੱਤੇ ਦੁਬਾਰਾ ਧਿਆਨ ਦੇਈਏ। ਇਹ ਉਹ ਗੱਲ ਹੈ ਜਿਹਨਾਂ ਦਾ ਨਿਹਚਾਵਾਨਾਂ ਦੇ ਨਾਲ ਇਸ ਦਾ ਵਾਦਾ ਕੀਤਾ ਗਿਆ ਹੈ। ਹੁਣ ਅਸੀਂ ਜਾਣ ਗਏ ਹਾਂ ਕਿ ਪਵਿੱਤਰ ਆਤਮਾ ਕੀ ਹੈ, ਹੁਣ ਅਸੀਂ ਇੱਕ ਮਿੰਟ ਲਈ ਵੇਖਾਂਗੇ ਕਿ ਕਿਹਨਾਂ ਨਾਲ ਇਸ ਦਾ ਵਾਦਾ ਕੀਤਾ ਗਿਆ ਹੈ? ਨਿਹਚਵਾਨਾਂ ਲਈ।

ਹੁਣ ਆਓ ਅਸੀਂ ਲੂਕ ਦੀ ਅੰਜੀਲ ਦੇ 24 ਅਧਿਆਏ ਵਿੱਚ ਵੇਖੀਏ ਕਿ ਯਿਸੂ ਨੇ ਉੱਥੇ ਕੀ ਆਖਿਆ ਅਤੇ ਯਿਸੂ ਦੇ ਉਹਨਾਂ ਆਖਰੀ ਸ਼ਬਦਾਂ ਨੂੰ ਸੁਣੀਏ ਜੋ ਯਿਸੂ ਮਸੀਹ ਨੇ ਧਰਤੀ ਛੱਡਣ ਤੋਂ ਪਹਿਲਾਂ ਆਖੇ ਸਨ। ਹੁਣ ਅਸੀਂ ਸਿਰਫ਼ ਇੰਨਾਂ ਕੁ ਹੀ ਪੜ੍ਹਾਂਗੇ, ਤੁਸੀਂ ਇਸ ਦੇ ਹੱਥਾਂ ਲਾਈਨ ਲੱਗਾ ਸਕਦੇ ਹੋ ਅਤੇ ਕਲ ਜਦੋਂ ਤੁਹਾਡੇ ਕੋਲ ਜਿਆਦਾ ਸਮਾਂ ਹੋਵੇਗਾ। ਤਾਂ ਤੁਸੀਂ ਇਸ ਦਾ ਅਧਿਐਨ ਕਰ ਸਕਦੇ ਹੋ। ਹੁਣ ਲੂਕ ਦੀ ਅੰਜੀਲ 24:49 ਸੁਣੋ, ਯਿਸੂ ਬੋਲ ਰਿਹਾ ਹੈ। ਆਖਿਰੀ ਵਿੱਚ ਜਦੋਂ ਉਹ ਮਹਿਮਾ ਵਿੱਚ ਜਾਣ ਵਾਲਾਂ ਸੀ। ਉਠਾਏ ਜਾਣ ਤੋਂ ਪਹਿਲਾਂ ਉਸ ਨੇ ਆਪਣੇ ਚੇਲਿਆਂ ਨੂੰ ਕਿਹਾ,

*...ਵੇਖੋ, ਮੈਂ ਆਪਣੇ ਪਿਤਾ ਦਾ ਕਰਾਰ ਤੁਹਾਡੇ ਉੱਤੇ ਘੱਲਦਾ ਹਾਂ...*

ਕਰਾਰ ਕੀ ਸੀ? ਮੋਹਰ, ਇੱਕ ਚਿੰਨ੍ਹ, ਸਹਾਇਕ ਅਤੇ ਉਹਨਾਂ ਸਭ ਗੱਲਾਂ ਦਾ ਕਰਾਰ ਜਿਹਨਾਂ ਦੇ ਬਾਰੇ ਮੈਂ ਹਜਾਰਾਂ ਵਾਰ ਦੱਸਿਆ ਹੈ।

*...ਮੈਂ ਆਪਣੇ ਪਿਤਾ ਦਾ ਕਰਾਰ ਤੁਹਾਡੇ ਉੱਤੇ ਘੱਲਦਾ ਹਾਂ...*

ਕਿਹੜਾ ਕਰਾਰ? "ਜੋ ਯਸਾਯਾਹ ਨੇ ਕਿਹਾ ਸੀ ਪੂਰਾ ਹੋਵੇ, 'ਮੈਂ ਥੂਥਲੇ ਬੁੱਲਾਂ ਅਤੇ ਓਪਰੀ ਜੁਬਾਨ ਦੇ ਰਾਹੀਂ ਇਸ ਪ੍ਰਜਾ ਨਾਲ ਬੋਲਾਂਗਾ', ਮੈਂ ਉਸ ਅਰਾਮ ਨੂੰ ਤੁਹਾਡੇ ਉੱਤੇ ਘੱਲਾਂਗਾ। ਮੈਂ ਉਹ ਭੇਜਾਂਗਾ ਜਿਸ ਦੇ ਬਾਰੇ ਵਿੱਚ ਯੋਏਲ ਨੇ ਆਖਿਆ ਸੀ ਕਿ ਉਹ ਯਹੋਵਾਹ ਕਹਿੰਦਾ ਹੈ ਕਿ 'ਅੰਤ ਦੇ ਦਿਨਾਂ ਵਿੱਚ ਮੈਂ ਆਪਣਾ ਆਤਮਾ ਤੁਹਾਡੇ ਉੱਤੇ ਵਹਾਵਾਂਗਾ'। ਅਤੇ ਯਰੁਸ਼ਲੇਮ ਤੋਂ ਲੈ ਕੇ ਸਭ ਕੌਮਾਂ ਅਤੇ ਸਭ ਲੋਕਾਂ ਉੱਤੇ...ਇਸ ਕਰਾਰ ਦੇ ਰਾਹੀਂ ਤੁਹਾਨੂੰ ਅਬਰਾਹਾਮ ਦੀ ਅੰਸ਼ ਵਿੱਚ ਲਿਆਵਾਂਗਾ। ਐਹ ਮੈਂ ਉਹਨਾਂ ਸਭਨਾਂ ਉੱਤੇ ਮੋਹਰ ਲੱਗਾਵਾਂਗਾ। ਸਮਝੇ, ਮੈਂ ਆਪਣਾ ਆਤਮਾ ਵਹਾਵਾਂਗਾ"।

*...ਮੈਂ ਆਪਣੇ ਪਿਤਾ ਦਾ ਕਰਾਰ ਤੁਹਾਡੇ ਉੱਤੇ ਘੱਲਾਂਗਾ: ਪਰ ਠਹਿਰੋ, ਮਤਲਬ, ਰੁਕੋ ਪਰ ਜਦ ਤਕ ਤੁਸੀਂ ਉੱਪਰੋਂ ਸ਼ਕਤੀ ਨਾ ਪਾਓ, ਯਰੂਸ਼ਲਮ ਵਿੱਚ ਠਹਿਰੇ ਰਹੋ।*

99 ਤਾਂ ਫਿਰ ਪਵਿੱਤਰ ਆਤਮਾ ਕੀ ਹੈ? "ਸਵਰਗ ਵਿੱਚੋਂ ਮਿਲਣ ਵਾਲੀ ਸ਼ਕਤੀ", ਬਿਸ਼ਪ ਤੋਂ ਮਿਲਣ ਵਾਲੀ ਸ਼ਕਤੀ ਨਹੀਂ, ਕਿਸੇ ਚਰਚ ਤੋਂ ਮਿਲਣ ਵਾਲੀ ਸ਼ਕਤੀ ਨਹੀਂ। ਪਰੰਤੂ ਇਹ ਤਾਂ, "ਸਵਰਗ ਤੋਂ ਮਿਲਣ ਵਾਲੀ ਸ਼ਕਤੀ" ਹੈ।

100 ਇਹ ਸ਼ਕਤੀ ਕਿਸ ਤਰ੍ਹਾਂ ਆਈ ਸੀ? ਕਿਸੇ "ਚਰਚ ਵਿੱਚ ਸ਼ਾਮਿਲ ਹੋਣ" ਕਰਕੇ? ਜੇ ਤੁਸੀਂ ਇਸ ਨੂੰ ਠੀਕ ਕਹਿੰਦੇ ਹੋ, ਤਾਂ ਮੈਂ ਇਸ ਗੱਲ ਉਏ ਤੁਹਾਨੂੰ ਵੰਗਾਰਦਾ ਹਾਂ। ਕੀ "ਚਰਚ ਵਿੱਚ ਸ਼ਾਮਿਲ ਹੋਣ ਨਾਲ, ਪ੍ਰਚਾਰਕ ਨਾਲ ਹੱਥ ਮਿਲਾਉਣ ਨਾਲ"? ਨਹੀਂ ਜੀ ਸ਼੍ਰੀ ਮਾਨ। ਹੁਣ ਮੈਂ ਤੁਹਾਨੂੰ ਕੈਥੋਲਿਕਾਂ ਨੂੰ ਪੁੱਛਦਾ ਹਾਂ ਕੀ "ਇਹ ਆਪਣੀ ਜੀਭ ਬਾਹਰ ਕੱਢ ਕੇ ਉਸ ਪਹਿਲੇ ਪ੍ਰਭੂ ਭੋਜ ਨੂੰ ਲੈਣ ਕਰਕੇ ਆਈ"? ਨਹੀਂ ਜੀ, ਸ਼੍ਰੀਮਾਨ।

101 ਇਹ ਕਿਸ ਤਰ੍ਹਾਂ ਆਈ? ਸਵਰਗ ਤੋਂ ਸ਼ਕਤੀ ਕਿਸ ਤਰ੍ਹਾਂ ਆਈ? ਆਓ ਅਸੀਂ ਇਸਨੂੰ ਥੋੜ੍ਹਾ ਹੋਰ ਅੱਗੇ ਪੜ੍ਹਾਂਗੇ। ਆਓ ਅਸੀਂ ਰਸੂਲਾਂ ਦੇ ਕਰਤਬ 1:8 ਪੜ੍ਹੀਏ। ਹੁਣ ਇੱਥੇ ਉਹ ਸਾਰੇ ਹੀ ਇਕੱਠੇ ਹਨ। ਅਤੇ ਹੁਣ ਜਦੋਂ ਉਹ ਆਪਸ ਵਿੱਚ ਇਕੱਠੇ ਸਨ ਤਾਂ ਉਹ ਯਿਸੂ ਦੇ ਬਾਰੇ ਗੱਲਾਂ ਕਰ ਰਹੇ ਸਨ। ਅਤੇ ਉਹਨਾਂ ਨੇ ਯਹੂਦਾ ਦੇ ਥਾਂ ਤੇ ਕਿਸੇ ਹੋਰ ਨੂੰ ਚੁਣ ਲੀਆ ਸੀ। ਰਸੂਲਾਂ ਦੇ ਕਰਤਬ 1:8

*ਪਰ ਜਦੋਂ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ...*

ਕੀ? “ਤਦ ਸ਼ਕਤੀ ਪਾਓਗੇ ਜਦੋਂ ਤੁਸੀਂ ਬ੍ਰਾਨਹਮ ਟੇਬਰਨੇਕਲ ਦੇ ਮੈਂਬਰ ਬਣਦੇ ਹੋ”? ਨਹੀਂ ਜੀ। “ਕੀ ਜਦੋਂ ਤੁਸੀਂ ਮੇਥੋਡਿਸਟ ਗਿਰਜੇ ਦੇ, ਕੈਥੋਲਿਕ ਗਿਰਜੇ ਦੇ ਜਾਣ ਪ੍ਰੇਸਬੀਟੇਰਿਨ ਗਿਰਜੇ ਦੇ ਮੈਂਬਰ ਬਣਦੇ ਹੋ”? ਨਹੀਂ ਜੀ। ਅਜਿਹਾ ਬਾਈਬਲ ਵਿੱਚ ਨਹੀਂ ਹੈ ਇਹ ਤਾਂ ਮਨੁੱਖ ਦੀ ਬਣਾਈ ਹੋਈ ਸਿੱਖਿਆ ਹੈ।

“ਕੀ ਇਸ ਤਰ੍ਹਾਂ ਲਿਖਿਆ ਹੋਇਆ ਹੈ ਜਦੋਂ ਤੁਸੀਂ ਪ੍ਰਚਾਰਕ ਬਣ ਜਾਓਗੇ ਤਾਂ ਉਸ ਤੋਂ ਬਾਅਦ ਤੁਸੀਂ ਸ਼ਕਤੀ ਪਾਓਗੇ”? ਨਹੀਂ ਸ਼੍ਰੀਮਾਨ ਜੀ। “ਜਦੋਂ ਤੁਸੀਂ ਬੀ. ਏ. ਦੀ ਡਿਗਰੀ ਪ੍ਰਾਪਤ ਕਰ ਲਓਗੇ ਤਾਂ ਤੁਸੀਂ ਸ਼ਕਤੀ ਪਾਓਗੇ”। ਨਹੀਂ ਜੀ ਸ਼੍ਰੀਮਾਨ। “ਜਦੋਂ ਤੁਸੀਂ…ਡੀ. ਡੀ. ਦੀ ਡਿਗਰੀ ਪਾ ਲਓਗੇ ਤਾਂ ਤੁਸੀਂ ਸ਼ਕਤੀ ਪਾਓਗੇ”? ਨਹੀਂ ਜੀ ਸ਼੍ਰੀਮਾਨ। “ਪਾਣੀ ਵਿੱਚ ਬਪਤੀਸਮਾ ਲੈਣ ਤੋਂ ਬਾਅਦ ਤੁਸੀਂ ਸ਼ਕਤੀ ਪਾਓਗੇ”? ਨਹੀਂ ਜੀ ਸ਼੍ਰੀਮਾਨ। “ਪਹਿਲੀ ਵਾਰ ਪ੍ਰਭੂ ਭੋਜ ਲੈਣ ਤੋਂ ਬਾਅਦ ਸ਼ਕਤੀ ਪਾਓਗੇ”? ਨਹੀਂ ਸ਼੍ਰੀਮਾਨ ਜੀ। ਸਮਝੇ? ਇਹ ਤਾਂ ਸਭ ਮਨੁੱਖਾਂ ਰਾਹੀਂ ਬਣਾਈਆਂ ਗਈਆਂ ਫਜ਼ੂਲ ਧਰਨਾਵਾਂ ਹਨ।

102 ਸੁਣੋ ਬਾਈਬਲ ਕੀ ਆਖਦੀ ਹੈ, ਯਿਸੂ ਨੇ ਆਖਿਆ,

> *…ਜਦੋਂ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ।* (ਪਵਿੱਤਰ ਆਤਮਾ ਕੀ ਹੈ? ਇਹ ਸ਼ਕਤੀ ਹੈ) *ਫਿਰ ਇਸ ਤੋਂ ਬਾਅਦ, ਤੁਸੀਂ ਮੇਰੇ ਗਵਾਹ ਹੋਵੋਂਗੇ…* (“ਸਿਰਫ਼ ਤੁਸੀਂ ਬਾਰਾਂ ਵੀ ਹੋਵੋਂਗੇ ਕੀ ਤੁਸੀਂ ਯਰੂਸ਼ਲਮ ਵਿੱਚ ਵੀ ਗਵਾਹ ਹੋਵੋਂਗੇ”) *…ਯਰੂਸ਼ਲਮ…ਅਤੇ ਸਾਰੇ ਯਾਹੂਦੀਆ…ਸਮਰੀਆ ਅਤੇ ਧਰਤੀ ਦੇ ਕੰਢੇ ਤਕ ਮੇਰੇ ਗਵਾਹ ਹੋਵੋਂਗੇ।* (ਅਜੇ ਤਕ ਉਸ ਦੀ ਗਵਾਹੀ ਸਾਰੇ ਥਾਵਾਂ ਤੇ ਨਹੀਂ ਪਹੁੰਚੀ)।
>
> *ਅਤੇ ਜਦੋਂ ਉਹ ਇਹ ਆਖ ਚੁੱਕਿਆ…ਤਾਂ ਉਹ ਉਹਨਾਂ ਦੇ ਵੇਖਦਿਆਂ ਉਤਾਂਹ ਉਠਾ ਲਿਆ ਗਿਆ ਅਤੇ ਇੱਕ ਬੱਦਲ ਨੇ ਉਸਨੂੰ ਉਹਨਾਂ ਦੀਆਂ…ਅੱਖਾਂ ਤੋਂ ਓਹਲੇ ਕਰ ਦਿੱਤਾ।*

103 ਹੁਣ ਤੁਸੀਂ ਠੀਕ ਇਸ ਤੋਂ ਅਗਲਾ ਸਫ਼ਾ ਕੱਢੋ ਅਤੇ ਵੇਖੋ ਕਿ ਭਵਿੱਖਬਾਣੀ ਪੂਰੀ ਹੋ ਰਹੀ ਹੈ।

> *ਜਦੋਂ ਪੈਂਤੀਕੁਸਤ ਦਾ ਦਿਨ ਆਇਆ ਤਾਂ ਉਹ ਸਾਰੇ ਇੱਕ ਮਨ ਹੋ ਕੇ ਇੱਕ ਜਗ੍ਹਾ ਤੇ ਇਕੱਠੇ ਸਨ…*

“ਅਤੇ ਅਚਾਨਕ ਇੱਕ ਪਾਦਰੀ ਆਉਂਦਾ ਹੈ ਅਤੇ ਮੈਂ ਇਸ…”? ਮੈਂ ਉੱਥੋਂ ਹਟ ਗਿਆ ਸੀ, ਕੀ ਮੈਂ ਨਹੀਂ ਸੀ ਹੱਟਿਆ? “ਅਚਾਨਕ ਇੱਕ ਪਾਦਰੀ ਜਗਵੇਦੀ ਤੇ ਆਉਂਦਾ ਹੈ?” ਨਹੀਂ ਜੀ।

*ਅਤੇ ਅਚਾਨਕ ਇੱਕ ਅਵਾਜ ਆਈ...*

ਕੋਈ ਮਨੁੱਖ ਦੀ ਬਣਾਈ ਹੋਈ ਧਾਰਨ ਨਹੀਂ ਹੈ; ਪਰ ਇਹ ਇੱਕ ਅਵਾਜ ਸੀ ਜੋ ਉੱਥੋਂ ਆਈ ਸੀ।

"ਕੀ ਕੋਈ ਸੇਵਕ ਦਰਵਾਜੇ ਵੱਲ ਆ ਰਿਹਾ ਸੀ"? "ਕੀ ਕਿਸੇ ਪਾਦਰੀ ਕੋਲ ਪ੍ਰਭੂ ਭੋਜ ਸੀ ਅਤੇ ਉਹ ਪਵਿੱਤਰ ਜਗਵੇਦੀ ਵੱਲ ਆ ਰਿਹਾ ਸੀ"? ਨਹੀਂ, ਕੁਝ ਵੀ ਅਜਿਹਾ ਨਹੀਂ ਸੀ।

> *...ਇੱਕ ਅਵਾਜ ਸਵਰਗ ਤੋਂ ਆਈ...* (ਇਹ ਪੈਰਾਂ ਦੀ ਅਵਾਜ ਨਹੀਂ ਸੀ।) *ਅਕਾਸ਼ ਤੋਂ...ਇੱਕ ਗੂੰਜ ਆਈ ਜਿਵੇਂ ਵੱਡੀ ਭਾਰੀ ਹਨੇਰੀ ਦੇ ਵਗਣ ਦੀ ਹੁੰਦੀ ਹੈ* (ਉਹ ਮੇਰੇ!) *ਅਤੇ ਸਾਰਾ ਘਰ ਉਸ ਨਾਲ ਜਿੱਥੇ ਬੈਠੇ ਸਨ ਭਰ ਗਿਆ।*

104 ਪਵਿੱਤਰ ਆਤਮਾ ਕੀ ਹੈ? ਇਹੋ ਹੀ ਹੈ ਜਿੱਥੇ ਉਹਨਾਂ ਨੇ ਸ਼ਕਤੀ ਪਾਈ ਇਹੀ ਉਹ ਥਾਂ ਸੀ ਜਿੱਥੇ ਉਹਨਾਂ ਨੇ ਰੁਕੇ ਰਹਿਣਾ ਸੀ, ਜਦੋਂ ਉਹ ਉੱਥੇ ਰੁਕੇ ਰਹੇ ਤਾਂ ਉੱਥੇ ਅਜਿਹਾ ਹੀ ਹੋਇਆ ਸੀ। ਉਤਪਤ ਤੋਂ ਲੈ ਕੇ ਅੱਗੇ ਦੀਆਂ ਸਾਰੀਆਂ ਭਵਿਖਬਾਣੀਆਂ ਅਬਰਾਹਾਮ ਤੋਂ ਲੈ ਕੇ ਅੱਗੇ ਦੀਆਂ ਸਾਰੀਆਂ ਭਵਿਖਬਾਣੀਆਂ ਕਿ ਉਹ ਆਵੇਗਾ, ਅਤੇ ਉਹ ਕਿਸ ਤਰ੍ਹਾਂ ਆਵੇਗਾ ਅਤੇ ਉਸ ਦੇ ਆਉਣ ਦੇ ਕੀ ਨਤੀਜੇ ਹੋਣਗੇ; ਸਭ ਕੁਝ ਉਸ ਸਮੇਂ ਪੂਰਾ ਹੋਇਆ। ਇਹ ਕੀ ਹੈ? ਇਹ ਪਰਮੇਸ਼ਵਰ ਦੀ ਸੱਚੀ ਕਲੀਸੀਆ ਦੇ ਲਈ, ਵਿਸ਼ਵਾਸੀਆਂ ਦੇ ਲਈ ਵਾਦਾ ਹੈ।

> *...ਅਤੇ ਉਸ ਨਾਲ ਸਾਰਾ ਘਰ ਜਿੱਥੇ ਉਹ ਬਾਉਥੇ ਸਨ ਭਰ ਗਿਆ ਅਤੇ ਉਹਨਾਂ ਨੂੰ...ਅੱਗ ਦੀਆਂ ਜੀਭਾਂ ਵੱਖਰੀਆਂ ਵੱਖਰੀਆਂ ਹੁੰਦੀਆਂ ਦਿਸੀਆਂ ਅਤੇ ਉਹ ਉਹਨਾਂ ਵਿੱਚੋਂ ਹਰੇਕ ਉੱਤੇ ਉਤਰੀਆਂ।*
>
> *ਅਤੇ ਉਹ ਸਭੇ ਪਵਿੱਤਰ ਆਤਮਾ ਨਾਲ ਭਰ ਗਏ ਅਤੇ ਹੋਰ ਬੋਲੀਆਂ ਬੋਲਣ ਲੱਗ ਪਏ। ਜਿਵੇਂ ਆਤਮਾ ਨੇ ਉਹਨਾਂ ਨੂੰ ਬੋਲਣ ਦਿੱਤਾ।*

ਹੁਣ ਅਸੀਂ ਇਸਨੂੰ ਸ਼ੁੱਕਰਵਾਰ ਦੀ ਰਾਤ ਦੇਖਾਂਗੇ। ਅੱਛਾ, ਹੁਣ ਅਸੀਂ ਇਸਨੂੰ ਇੱਥੇ ਹੀ ਛੱਡ ਦਿਆਂਗੇ। ਸਮਝੇ।

105 ਇਹ ਕੀ ਹੈ? ਇਹ ਪਰਮੇਸ਼ਵਰ ਦੀ ਸੱਚੀ ਕਲੀਸੀਆ ਨਾਲ ਪੂਰੀ ਤਰ੍ਹਾਂ ਨਾਲ ਵਾਦਾ ਹੈ। ਇਹ ਬਿਲਕੁਲ ਠੀਕ ਗੱਲ ਹੈ।

106 ਹੁਣ ਅਸੀਂ ਇਹ ਵੇਖਾਂਗੇ ਕਿ ਪਵਿੱਤਰ ਆਤਮਾ ਨਾਲ ਭਰ ਜਾਣ ਤੋਂ ਬਾਅਦ ਉਹਨਾਂ ਉੱਤੇ ਕਦੋਂ ਤਕ ਲਈ ਮੋਹਰ ਲੱਗ ਜਾਂਦੀ ਹੈ। (ਮੰਡਲੀ ਆਖਦੀ ਹੈ, "ਛੁਟਕਾਰੇ ਦੇ ਦਿਨ ਤਕ।-ਸੰਪਾ")

ਇੱਥੇ ਕਿੰਨ੍ਹੇ ਅਜਿਹੇ ਹਨ ਜਿਹਨਾਂ ਨੇ ਪਵਿੱਤਰ ਆਤਮਾ ਪਾਇਆ ਹੋਇਆ ਹੈ ਆਪਣੇ ਹੱਥਾਂ ਨੂੰ ਵਿਖਾਓ। ਇੱਥੇ ਬਿਨਾਂ ਪਵਿੱਤਰ ਆਤਮਾ ਪਾਏ ਹੋਏ ਲੋਕ ਬਹੁਤ ਹਨ। ਭਇਓ ਅਤੇ ਭੈਣੋਂ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਵੀ ਉਹਨਾਂ ਵਿੱਚੋਂ ਇੱਕ ਹੋਵੋ ਜਿਹਨਾਂ ਨੇ ਪਵਿੱਤਰ ਆਤਮਾ ਪਾਇਆ ਹੋਇਆ ਹੈ। ਜਦੋਂ ਕਿ ਤੁਸੀਂ ਇਹ ਸਮਝ ਗਏ ਹੋ ਕਿ ਇਹ ਕੀ ਹੈ, ਇਹ ਪਰਮੇਸ਼ਵਰ ਦਾ ਆਤਮਾ ਹੈ ਜੋ ਤੁਹਾਡੇ ਅੰਦਰ ਵਾਸ ਕਰਦਾ ਹੈ ਤਾਂ ਕਿ ਪਰਮੇਸ਼ਵਰ ਦੇ ਕੰਮਾਂ ਨੂੰ ਕਰੇ।

ਜਦੋਂ ਵੀ ਪਰਮੇਸ਼ਵਰ ਨੇ ਆਪਣਾ ਆਤਮਾਂ ਆਪਣੇ ਸੇਵਕਾਂ ਵਿੱਚੋਂ ਕਿਸੇ ਇੱਕ ਸੇਵਕ ਆਪਣੇ ਨਬੀਆਂ ਵਿੱਚੋਂ ਕਿਸੇ ਇੱਕ ਨਬੀ, ਆਪਣੇ ਉਪਦੇਸ਼ਕਾਂ ਵਿੱਚੋਂ ਕਿਸੇ ਇੱਕ ਉਪਦੇਸ਼ਕ, ਆਪਣੇ ਚੇਲਿਆਂ ਵਿੱਚੋਂ ਕਿਸੇ ਇੱਕ ਚੇਲੇ ਕੋਲ ਭੇਜਿਆ ਤਾਂ ਸਦਾ ਹੀ ਸੰਸਾਰ ਨੇ ਉਹਨਾਂ ਨੂੰ ਠੁਕਰਾਇਆ। ਜਿਸ ਯੁੱਗ ਵਿੱਚ ਵੀ ਉਹ ਹੋਏ, ਉਸ ਯੁੱਗ ਵਿੱਚ ਉਹਨਾਂ ਨੂੰ ਮਾਨਸਿਕ ਰੋਗੀ ਸਮਝਿਆ ਗਿਆ। ਇੱਥੋਂ ਤਕ ਕਿ ਜਦੋਂ ਪੌਲੁਸ ਰਾਜਾ ਅਗਰਿਪਾ ਦੇ ਸਾਹਮਣੇ ਖੜਾ ਸੀ, ਤਾਂ ਉਸ ਨੇ ਆਖਿਆ ਜਿਸ ਪੰਥ ਨੂੰ ਉਹ ਕੁਪੰਥ ਕਹਿੰਦੇ ਸਨ...ਇਹ *ਕੁਪੰਥ* ਕੀ ਹੈ? “ਪਾਗਲਪਣ।” ਉਸੇ ਤਰ੍ਹਾਂ ਹੀ ਮੈਂ ਆਪਣੇ ਪਿਓ ਦਾਦਿਆਂ ਦੇ ਪਰਮੇਸ਼ਵਰ ਦੀ ਭਗਤੀ ਕਰਦਾ ਹੈ। (ਭਾਈ ਬ੍ਰਾਨਹਮ ਤਾੜੀ ਵਜਾਉਂਦੇ ਹਨ-ਸੰਪਾ) ਮੈਂ ਬਹੁਤ ਹੀ ਖੁਸ਼ ਹਾਂ ਕਿ ਮੈਂ ਆਖ ਸਕਦਾ ਹਾਂ ਕਿ ਮੈਂ ਉਹਨਾਂ ਵਿੱਚੋਂ ਇੱਕ ਹਾਂ, ਹਾਂ ਜੀ ਸ਼੍ਰੀਮਾਨ ਜੀ। ਇਹ ਸਹੀ ਗੱਲ ਹੈ। ਮੈਂ ਖੁਸ਼ ਹਾਂ ਕਿ ਮੈਂ ਇਹ ਕਹਿ ਸਕਦਾ ਹਾਂ ਕਿ ਮੈਂ ਉਹਨਾਂ ਵਿੱਚੋਂ ਇੱਕ ਹਾਂ।

107 ਹੁਣ ਵੇਖੋ, ਜਦੋਂ ਉਹਨਾਂ ਉੱਤੇ ਪਵਿੱਤਰ ਆਤਮਾ ਉਤਰਿਆ ਤਾਂ ਉਸ ਨੇ ਉਹਨਾਂ ਨੂੰ ਇੱਕ ਦੂਸਰੇ ਲਈ ਏਨਾ ਪਿਆਰਾ ਬਣਾ ਦਿੱਤਾ ਕਿ ਉਹਨਾਂ ਵਿੱਚ ਸਭ ਕੁਝ ਸਾਂਝਾ ਹੀ ਸੀ। ਕੀ ਇਹ ਠੀਕ ਗੱਲ ਹੈ? ਸੰਗਤੀ ਦਾ ਕੀ ਅਰਥ ਹੈ! ਅਸੀਂ ਕਦੇ ਕਦੇ ਇਸ ਗੀਤ ਨੂੰ ਗਾਉਂਦੇ ਹਾਂ, “ਔਹ ਕਿਹੋ ਜਿਹੀ ਸੰਗਤੀ ਹੈ! ਔਹ ਕਿਹੋ ਜਿਹਾ ਖੁਦਾਈ ਆਨੰਦ ਹੈ!” ਅਜਿਹਾ ਹੀ ਹੈ। ਉਹ ਚਿੰਤਾ ਨਹੀਂ ਕਰਦੇ ਸਨ ਕਿ ਸੂਰਜ ਨਿਕਲਿਆ ਹੈ ਜਾਂ ਨਹੀਂ। ਉਹਨਾਂ ਨੇ ਫੁੱਲਾਂ ਦੀ ਸੇਜ ਦੀ ਮੰਗ ਨਹੀਂ ਸੀ ਕੀਤੀ।

ਕੁਝ ਲੋਕ ਮੈਨੂੰ ਆਖਦੇ ਸਨ ਕਿ, “ਭਾਈ ਬ੍ਰਾਨਹਮ ਮੈਂ ਪਵਿੱਤਰ ਆਤਮਾ ਨੂੰ ਗ੍ਰਾਹਣ ਕਰ ਲਵਾਂਗਾ”। ਜੇਕਰ ਤੁਸੀਂ ਮੈਨੂੰ ਇਸ ਗੱਲ ਦੀ ਗਰੰਟੀ ਦਿਓ ਕਿ ਉਸ ਨੂੰ ਪਾਉਣ ਦੇ ਰਾਹੀਂ ਮੈਂ ਲੱਖ ਪਤੀ ਹੋ ਜਾਵਾਂਗਾ, ਜੇਕਰ ਤੁਸੀਂ ਮੈਨੂੰ ਇਸ ਗੱਲ ਦੀ ਗਰੰਟੀ ਦਿਓ ਕਿ ਮੈਂ ਤੇਲ ਦੇ ਖੂਹ ਲੱਭ ਲਵਾਂਗਾ ਅਤੇ ਮੈਂ ਸੋਨੇ ਦੀਆਂ ਖਾਨਾਂ ਲੱਭ ਲਵਾਂਗਾ ਅਤੇ ਮੈਂ...ਸਮਝੇ? ਲੋਕ ਇਸ ਤਰ੍ਹਾਂ ਦੀਆਂ ਗੱਲਾਂ ਸਿਖਾਉਂਦੇ ਹਨ। ਪਰਮੇਸ਼ਵਰ ਨੇ ਇਹਨਾਂ ਗੱਲਾਂ ਦਾ ਵਾਦਾ ਨਹੀਂ ਕੀਤਾ ਸੀ।

108 ਜਿਸ ਆਦਮੀ ਨੇ ਪਵਿੱਤਰ ਆਤਮਾ ਪਾਇਆ ਹੋਵੇ ਉਹ ਇਸ ਗੱਲ ਦੀ ਪਰਵਾਹ ਨਹੀਂ ਕਰਦਾ ਹੈ ਕਿ ਉਸ ਨੂੰ ਭਾਵੇਂ ਭੀਖ ਮੰਗਣੀ ਪਵੇ, ਇਸ ਨਾਲ ਉਸ ਨੂੰ ਕੋਈ ਫਰਕ ਨਹੀਂ ਪੈਂਦਾ। ਉਹ ਤਾਂ ਸਵਰਗ ਨਾਲ ਬੱਝਿਆ ਹੋਇਆ ਪ੍ਰਾਣੀ ਹੈ। ਉਹ ਇੱਥੋਂ ਦੇ ਕਿਸੇ ਵੀ ਬੰਧਨ ਦੀ ਪਕੜ ਵਿੱਚ ਨਹੀਂ ਹੈ। ਇਹ ਸਹੀ ਗੱਲ ਹੈ। ਉਹ ਕਿਸੇ ਵੀ ਗੱਲ ਦੀ ਪਰਵਾਹ ਨਹੀਂ ਕਰਦਾ। ਪਰੇਸ਼ਾਨੀ ਆਏ, ਜਾਂ ਨਾ ਆਏ, ਕੁਝ ਵੀ ਹੁੰਦਾ ਰਹੇ। ਤੁਸੀਂ ਉਹਨਾਂ ਨੂੰ ਆਪਣਾ ਮਖੌਲ ਉਡਾਉਣ ਦਿਓ। ਉਹਨਾਂ ਨੂੰ ਆਪਣੀ ਆਲੋਚਨਾ ਕਰਨ ਦਿਓ। ਕੀ ਤੁਸੀਂ ਚਿੰਤਾ ਕਰਦੇ ਹੋ? ਤੁਸੀਂ ਤਾਂ ਮਹਿਮਾ ਪਾਉਣ ਲਈ ਆਪਣੇ ਰਸਤੇ ਉੱਤੇ ਹੋ! ਹਾਲੇਲੂਯਾਹ! ਤੁਹਾਡੀਆਂ ਅੱਖਾਂ ਤਾਂ ਮਸੀਹ ਉੱਤੇ ਲੱਗੀਆਂ ਹੋਈਆਂ ਹਨ, ਤੁਸੀਂ ਤਾਂ ਆਪਣੇ ਮਾਰਗ ਉੱਤੇ ਹੋ। ਤੁਸੀਂ ਇਸਦੀ ਪਰਵਾਹ ਨ ਕਰੋ ਕਿ ਸੰਸਾਰ ਕੀ ਆਖਦਾ ਹੈ।

ਇਹ ਹੀ ਪਵਿੱਤਰ ਆਤਮਾ ਹੈ। ਇਹ ਇੱਕ ਸ਼ਕਤੀ ਹੈ। ਇਹ ਇੱਕ ਮੋਹਰ ਹੈ, ਇਹ ਇੱਕ ਸਹਾਇਕ ਹੈ, ਇਹ ਇੱਕ ਵਕੀਲ ਹੈ, ਇਹ ਇੱਕ ਚਿੰਨ੍ਹ ਹੈ, ਹੇ ਮੇਰੇ ਪਰਮੇਸ਼ਵਰ। ਇਹ ਇੱਕ ਤਰ੍ਹਾਂ ਦਾ ਵਿਸ਼ਵਾਸ ਹੈ ਜੋ ਤੁਸੀਂ ਪਰਮੇਸ਼ਵਰ ਤੋਂ ਪਾਇਆ ਹੈ।

ਮੈਂ ਕਿੰਨ੍ਹਾ ਸਮਾਂ ਲਈ ਚੁੱਕਿਆ ਹਾਂ? ਮੇਰੇ ਕੋਲ ਕੇਵਲ ਅੱਠ ਮਿੰਟ ਹੀ ਬਾਕੀ ਹਨ। ਠੀਕ ਹੈ। ਮੈਂ...ਮੇਰੇ ਕੋਲ ਇੱਥੇ ਵਚਨ ਦੀਆਂ ਕਈ ਲਿਖਤਾਂ ਹਨ। ਮੈਂ ਨਹੀਂ ਸੋਚਦਾ ਹਾਂ ਕਿ ਮੈਂ ਉਹਨਾਂ ਸਭਨਾਂ ਦੇ ਬਾਰੇ ਦੱਸ ਸਕਾਂ ਪਰ ਮੈਂ ਉਹਨਾਂ ਨੂੰ ਦੱਸਣ ਦੀ ਕੋਸ਼ਿਸ਼ ਕਰਾਂਗਾ।

109 ਹੁਣ ਜਦੋਂ ਕੋਈ ਆਦਮੀ ਪਵਿੱਤਰ ਆਤਮਾ ਨਾਲ ਭਰਪੂਰ ਹੋ ਚੁੱਕਾ ਹੁੰਦਾ ਹੈ ਤਾਂ ਇਹ ਸੰਭਵ ਹੈ ਕਿ ਸਤਾਇਆ ਜਾਣਾ ਅਤੇ ਇਸ ਦੀਆਂ ਹੋਰ ਗੱਲਾਂ ਉਸਨੂੰ ਮਜਬੂਰ ਕਰਨ ਕਿ ਉਹ ਵਾਪਿਸ ਮੁੜ ਜਾਵੇ...ਹੁਣ, ਉਹ ਨਾਸ਼ ਨਾ ਹੋਵੇਗਾ, ਉਹ ਅਜੇ ਵੀ ਪਰਮੇਸ਼ਵਰ ਦਾ ਪੁੱਤਰ ਹੈ, ਉਹ ਸਦਾ ਪਰਮੇਸ਼ਵਰ ਦਾ ਪੁੱਤਰ ਹੀ ਰਹੇਗਾ। ਕਿਉਂਕਿ ਕਦੋਂ ਤਕ ਲਈ ਤੁਹਾਡੇ ਉੱਤੇ ਮੋਹਰ ਲਗਾਈ ਗਈ ਹੈ? (ਮੰਡਲਿ ਆਖਦੀ ਹੈ, "ਛੁਟਕਾਰੇ ਦੇ ਦਿਨ ਲਈ"-ਸੰਪਾ) ਇਹ ਸਹੀ ਗੱਲ ਹੈ। ਬਾਈਬਲ ਅਜਿਹਾ ਹੀ ਆਖਦੀ ਹੈ।

110 ਹੁਣ, ਜਦੋਂ ਚੇਲਿਆਂ ਨੂੰ ਕੁੱਟਿਆ ਗਿਆ, ਉਹਨਾਂ ਦਾ ਮਖੌਲ ਉਡਾਇਆ ਗਿਆ ਉਹਨਾਂ ਨੂੰ ਮਜਾਕ ਬਣਾਇਆ ਗਿਆ ਅਤੇ ਉਹਨਾਂ ਨਾਲ ਅਜਿਹਾ ਸਭ ਕੁਝ ਕੀਤਾ ਗਿਆ ਤਾਂ ਉਹਨਾਂ ਨੇ ਸੋਚਿਆ ਕਿ ਇਹੋ ਹੀ ਉਹ ਸਮਾਂ ਹੈ ਕਿ ਅਸੀਂ ਵਾਪਿਸ ਜਾਈਏ ਅਤੇ ਥੋੜੇ ਸਮੇਂ ਦੇ ਲਈ ਆਪਸ ਵਿੱਚ ਇਕੱਠੇ ਹੋਈਏ। ਆਓ ਅਸੀਂ ਰਸੂਲਾਂ ਦੇ ਕਰਤਬ ਦਾ ਚੌਥਾ ਅਧਿਆਏ ਕੱਢੀਏ ਅਤੇ ਵੇਖੀਏ ਕਿ ਜਦੋਂ ਉਹ...ਵੇਖੀਏ ਕਿ ਕੀ ਵਾਪਰਿਆ। ਹੁਣ ਇਹ ਗੱਲਾਂ ਉਹਨਾਂ

ਲੋਕਾਂ ਦੇ ਲਈ ਹਨ ਜੋ ਪਵਿੱਤਰ ਆਤਮਾ ਪ੍ਰਾਪਤ ਕਰ ਚੁੱਕੇ ਹਨ। ਰਸੂਲਾਂ ਦੇ ਕਰਤਬ, ਚੌਥਾ ਅਧਿਆਏ।

ਹੁਣ, ਪਤਰਸ ਅਤੇ ਯੂਹੰਨਾ ਨੂੰ ਮਾਰਿਆ ਗਿਆ, ਹੈਕਲ ਦੇ ਦਰਵਾਜੇ ਦੇ ਅੱਗੇ ਲੋਕਾਂ ਨੂੰ ਸਿਰਫ਼ ਦੇਣ ਦਾ ਕਾਰਣ ਉਹਨਾਂ ਨੂੰ ਕੁੱਟਿਆ ਗਿਆ ਅਤੇ ਉਹਨਾਂ ਨੂੰ ਕੈਦ ਵਿੱਚ ਪਾ ਦਿੱਤਾ ਗਿਆ। ਕਿੰਨੇ ਲੋਕ ਇਸ ਗੱਲ ਨੂੰ ਜਾਣਦੇ ਸਨ? ਉੱਥੇ ਇੱਕ ਅਜਿਹਾ ਆਦਮੀ ਪਿਆ ਹੋਇਆ ਸੀ ਜਿਹੜਾ ਇੱਕ ਤਰ੍ਹਾਂ ਨਾਲ ਆਪਣੇ ਪੈਰਾਂ ਤੋਂ ਲੰਗੜਾ ਸੀ, ਅਤੇ ਉਹ ਤੁਰ ਨਹੀਂ ਸੀ ਸਕਦਾ; ਅਤੇ ਉਹ ਚਾਲੀ ਸਾਲ ਤੋਂ ਇਸੇ ਹੀ ਤਰ੍ਹਾਂ ਸੀ। ਅਤੇ ਉਸ ਦੇ ਲਾਗਿਓ ਲੰਘਿਆ ਅਤੇ ਉਸਨੇ ਆਖਿਆ।। ਉਸ ਨੇ ਉਹਨਾਂ ਕੋਲੋਂ ਭੋਜਨ ਪ੍ਰਾਪਤ ਕਰਨ ਲਈ ਆਪਣਾ ਕਟੋਰਾ ਉਹਨਾਂ ਵੱਲ ਵਧਾਇਆ।

ਅਤੇ ਪਤਰਸ ਨੇ ਦਰਸਾਇਆ ਹੈ ਕਿ, ਉਹ ਪਵਿੱਤਰ ਆਤਮਾ ਨਾਲ ਭਰਿਆ ਹੋਇਆ ਪ੍ਰਚਾਰਕ ਹੈ, ਅਤੇ ਉਸ ਕੋਲ ਕੋਈ ਵੀ ਪੈਸਾ ਨਹੀਂ ਹੈ, ਉਸਨੇ ਆਖਿਆ-ਉਸਨੇ ਆਖਿਆ, "ਚਾਂਦੀ ਅਤੇ ਸੋਨਾ ਮੇਰੇ ਕੋਲ ਨਹੀਂ ਹੈ"। ਸਮਝੇ? ਵੇਖੋ ਕਿ ਉਹ ਇਹਨਾਂ ਗੱਲਾਂ ਦਾ ਫਿਕਰ ਨਹੀਂ ਸੀ ਕਰਦਾ। ਪਰ ਉਹ ਤਾਂ ਸਵਰਗ ਨਾਲ ਬੱਝਿਆ ਹੋਇਆ ਪ੍ਰਾਣੀ ਸੀ। ਔਹ, ਮੈਂ ਕਿੰਨਾ ਚਾਹੁੰਦਾ ਹਾਂ ਕਿ ਕਾਸ਼ ਮੈਂ ਥੋੜ੍ਹੇ ਸਮੇਂ ਲਈ ਇਸੇ ਹੀ ਗੱਲ ਉੱਤੇ ਰੁਕਿਆ ਰਹਿੰਦਾ। ਕੀ ਤੁਹਾਨੂੰ ਸਮਝ ਲੱਗੀ? ਉਹ ਸਵਰਗ ਨਾਲ ਬੱਝਿਆ ਹੋਇਆ ਸੀ; ਉਹ ਸ਼ਾਂਤੀ ਵਿੱਚ ਸੀ; ਉਸ ਦੇ ਕੋਲ ਪਵਿੱਤਰ ਆਤਮਾ ਸੀ; ਉਸ ਦੇ ਕੋਲ ਸਮਰੱਥ ਸੀ। ਉਹ ਅੱਗੇ ਵਧਿਆ ਅਤੇ ਵੇਖਿਆ ਅਤੇ ਆਖਿਆ, "ਚਾਂਦੀ ਅਤੇ ਸੋਨਾ ਤਾਂ ਮੇਰੇ ਕੋਲ ਨਹੀਂ ਹੈ ਪਰ ਜੋ ਮੇਰੇ ਕੋਲ ਹੈ ਸੋ ਤੈਨੂੰ ਦਿੰਦਾ ਹਾਂ"।

ਕੋਈ ਸ਼ੱਕ ਨਹੀਂ, ਉਸ ਆਦਮੀ ਨੇ ਪੁੱਛਿਆ ਹੋਵੇਗਾ, "ਸ਼੍ਰੀਮਾਨ ਤੁਹਾਡੇ ਕੋਲ ਕੀ ਹੈ?"

"ਮੇਰੇ ਕੋਲ ਵਿਸ਼ਵਾਸ ਹੈ, ਮੇਰੇ ਹਿਰਦੇ ਵਿੱਚ ਕੋਈ ਚੀਜ਼ ਹੈ ਜੋ ਲੱਗਭਗ ਦੱਸ ਕੁ ਦਿਨਾਂ ਤੋਂ ਹੀ ਆਰੰਭ ਹੋਈ ਹੈ। ਮੈਂ ਉੱਪਰ ਚੁਬਾਰੇ ਵਿੱਚ ਸੀ ਅਤੇ ਅਚਾਨਕ ਉਹ ਸਾਰੇ ਵਾਅਦੇ ਜੋ ਪਰਮੇਸ਼ਵਰ ਨੇ ਕੀਤੇ ਸਨ...ਮੈਂ ਸਾਢੇ ਤਿੰਨ ਸਾਲਾਂ ਤਕ ਯਿਸੂ ਮਸੀਹ ਦੇ ਨਾਲ ਘੁੰਮਿਆ ਫਿਰਿਆ। ਮੈਂ ਉਹਦੇ ਨਾਲ ਮੱਛੀਆਂ ਫੜ੍ਹੀਆਂ ਮੈਂ ਮੱਛੀਆਂ ਬਾਹਰ ਕੱਢਦਾ ਹੁੰਦਾ ਸੀ। ਮੈਂ ਅਜਿਹੇ ਅਲੱਗ ਅਲੱਗ ਕੰਮ ਕੀਤੇ। ਮੈਂ ਬਿਮਾਰਾਂ ਨੂੰ ਚੰਗਿਆਂ ਕਰਦੇ ਵੇਖਿਆ। ਉਹ ਮੈਨੂੰ ਆਖਦਾ ਹੁੰਦਾ ਸੀ, 'ਪਿਤਾ ਮੇਰੇ ਵਿੱਚ ਹੈ; ਪਰ ਜਦੋਂ ਮੈਂ ਜਾਵਾਂਗਾ, ਉਹ ਤੁਹਾਡੇ ਵਿੱਚ ਆਵੇਗਾ'। ਸੋ, ਮੈਂ ਇਸਨੂੰ ਸਮਝ ਨਹੀਂ ਪਾਇਆ। ਪਰ ਉਸਨੇ ਕਿਹਾ, 'ਹੁਣ, ਮੈਂ ਤੁਹਾਡੇ ਤੋਂ ਇਸ ਨੂੰ ਸਮਝਣ ਦੀ ਆਸ ਨਹੀਂ ਰੱਖਦਾ'"।

ਤੁਸੀਂ ਇਹਨਾਂ ਗੱਲਾਂ ਨੂੰ ਨਹੀਂ ਸਮਝੇ; ਤੁਸੀਂ ਤਾਂ ਬਸ ਇਹਨਾਂ ਨੂੰ ਕਬੂਲ ਹੀ ਕਰਦੇ ਹੋ। ਮੈਂ ਅਜੇ ਤਕ ਵੀ ਇਹਨਾਂ ਗੱਲਾਂ ਨੂੰ ਨਹੀਂ ਸਮਝ ਨਹੀਂ ਪਾਉਂਦਾ। ਅਤੇ ਨਾ ਹੀ ਤੁਸੀਂ ਮੈਨੂੰ ਇਹ ਦੱਸੋ ਕਿ ਤੁਸੀਂ ਇਹਨਾਂ ਨੂੰ ਸਮਝਦੇ ਹੋ ਕਿਉਂਕਿ ਤੁਸੀਂ ਨਹੀਂ ਸਮਝਦੇ ਹੋ। ਸਮਝੇ? ਸੋ ਮੈਂ ਇਸਨੂੰ ਨਹੀਂ ਸਮਝ ਸਕਦਾ, ਮੈਂ ਇਸ ਦਾ ਬਿਆਨ ਨਹੀਂ ਕਰ ਸਕਦਾ ਪਰ ਮੈਂ ਤਾਂ ਕੇਵਲ ਇੱਕੋ ਹੀ ਗੱਲ ਜਾਣਦਾ ਹਾਂ ਕਿ ਮੈਨੂੰ ਇਹ ਮਿਲ ਗਿਆ ਹੈ।

"ਅੱਛਾ, ਅੱਛਾ," ਤੁਸੀਂ ਆਖਦੇ ਹੋ, "ਇਹ ਤਾਂ ਕੋਈ ਵਿਗਿਆਨਿਕ ਤੱਥ ਨਹੀਂ ਹੈ"। ਔਹ, ਯਕੀਨਨ ਇਹ ਅਜਿਹਾ ਹੀ ਹੈ।

111 ਤੁਸੀਂ ਇਹਨਾਂ ਰੋਸ਼ਨੀਆਂ ਵੱਲ ਵੇਖੋ। ਜਦੋਂ ਬੈਜਾਮੀਨ ਫ੍ਰੈਂਕਲੀਨ ਨੇ ਉਸ ਨੂੰ ਫੜ ਲਿਆ। ਤਾਂ ਉਸਨੇ ਆਖਿਆ "ਮੈਨੂੰ ਇਹ ਮਿਲ ਗਈ ਹੈ"। ਉਹ ਨਹੀਂ ਜਾਣਦਾ ਸੀ ਕਿ ਉਸ ਨੂੰ ਕਿਹੜੀ ਚੀਜ਼ ਮਿਲ ਗਈ ਸੀ। ਅਤੇ ਅੱਜ ਮੈਂ ਕਿਸੇ ਨੂੰ ਵੀ ਇਹੋ ਆਖਣਾ ਚਾਹਾਂਗਾ ਕਿ ਬਿਜਲੀ ਕੀ ਹੈ, ਮੈਨੂੰ ਦੱਸੋ। ਉਹ ਅਜੇ ਤਕ ਵੀ ਨਹੀਂ ਜਾਣਦੇ ਕਿ ਇਹ ਕੀ ਹੈ ਪਰ ਸਾਡੇ ਕੋਲ ਇਹ ਹੈ। ਆਮੀਨ। ਇਹ ਸੱਚੀ ਗੱਲ ਹੈ। ਕੋਈ ਵੀ ਅਜਿਹਾ ਆਦਮੀ ਨਹੀਂ ਹੈ ਜੋ ਕਿ ਇਹ ਜਾਣਦਾ ਹੈ ਕਿ ਬਿਜਲੀ ਕੀ ਹੈ। ਉਹ ਇਸਨੂੰ ਸਜਾ ਸਕਦੇ ਸਨ, ਇਸ ਤੋਂ ਰੋਸ਼ਨੀ ਪ੍ਰਾਪਤ ਕਰ ਸਕਦੇ ਸਨ, ਇਸ ਨੂੰ ਜਲਾ ਸਕਦੇ ਸਨ, ਇਸਨੂੰ ਕਿਰਿਆਸ਼ੀਲ ਕਰ ਸਕਦੇ ਹਨ। ਪਰ ਉਹ-ਉਹ ਇਸਦੇ ਬਾਰੇ ਏਨਾ ਹੀ ਜਾਣਦੇ ਹਨ ਕਿ ਇਹ ਜਨਰੇਟਰ ਰਾਹੀਂ ਪੈਦਾ ਹੁੰਦੀ ਹੈ ਜਿਸ ਵਿੱਚ ਦੋ ਟੁਕੜੇ ਆਪਸ ਵਿੱਚ *ਇਸ* ਤਰ੍ਹਾਂ ਚੱਲਦੇ ਹਨ। ਇਹ ਰੋਸ਼ਨੀ ਦਿੰਦੀ ਹੈ। ਅਤੇ ਇਸ ਦੇ ਅੰਦਰ ਸ਼ਕਤੀ ਹੁੰਦੀ ਹੈ।

112 ਅਤੇ ਠੀਕ ਇਸੇ ਹੀ ਤਰ੍ਹਾਂ ਪਰਮੇਸ਼ਵਰ ਦਾ ਆਤਮਾ ਹੁੰਦਾ ਹੈ। ਜਦੋਂ ਇੱਕ ਟੁਕੜਾ ਤੁਸੀਂ ਹੁੰਦੇ ਹੋ ਅਤੇ ਦੂਸਰਾ ਟੁਕੜਾ ਪਰਮੇਸ਼ਵਰ ਹੈ ਅਤੇ ਜਦੋਂ ਉਹ ਆਪਸ ਵਿੱਚ *ਇਸ* ਤਰ੍ਹਾਂ ਚੱਲਦੇ ਹਨ ਤਾਂ ਇਹ ਤੁਹਾਡੇ ਲਈ ਕੁਝ ਨ ਕੁਝ ਕਰਦਾ ਹੈ। ਇਹ ਸਹੀ ਗੱਲ ਹੈ। ਇਹ ਰੋਸ਼ਨੀ ਦੇਵੇਗਾ। ਇਹ ਸ਼ਕਤੀ ਦੇਵੇਗਾ। ਤੁਸੀਂ ਨਹੀਂ ਜਾਣਦੇ ਕਿ ਇਹ ਕੀ ਹੈ, ਪਰ ਜਦੋਂ ਤੁਹਾਨੂੰ ਇਹ ਮਿਲ ਜਾਂਦਾ ਹੈ ਤਾਂ ਤੁਹਾਨੂੰ ਇਸ ਦਾ ਪਤਾ ਲੱਗ ਜਾਂਦਾ ਹੈ। ਇਹ ਇੱਕ ਯਕੀਨੀ ਗੱਲ ਹੈ। ਇਹ ਤੁਹਾਡੇ ਲਈ ਹੈ। ਇਹ ਤੁਹਾਡਾ ਹੈ। ਇਹ ਇੱਕ ਨਿਸ਼ਚਿਤਤਾ ਹੈ। ਇਹ ਸਹੀ ਗੱਲ ਹੈ।

ਉਹ ਰੋਸ਼ਨੀ *ਕੀ* ਦਰਸਾਉਂਦੀ ਹੈ? ਇਹ ਇੱਕ ਨਿਸ਼ਚਿਤਤਾ ਹੈ ਕਿ ਇਹ ਰੋਸ਼ਨੀ ਹੈ।

ਹੁਣ ਧਿਆਨ ਦਿਓ। ਹੁਣ, ਤੁਸੀਂ ਨਹੀਂ ਜਾਣਦੇ ਕਿ ਉਹ ਕੀ ਹੈ।

113 ਪਰ ਇਹਨਾਂ ਲੋਕਾਂ ਨੇ ਕਿਹਾ, "ਅੱਛਾ" ਉਹਨਾਂ ਨੇ...ਉਹਨਾਂ ਨੇ ਆਖਿਆ ਇੱਕ ਗੱਲ ਅਸੀਂ ਜਾਣਦੇ ਹਾਂ, "ਅਸੀਂ ਜਾਣਦੇ ਹਾਂ ਕਿ ਅਸੀਂ ਅਣਜਾਣ ਹਾਂ"; ਕੁੱਝ ਹੋਰ "ਮੁਰੱਖ," ਤੁਸੀਂ ਸਮਝੇ, ਜਿਵੇਂ ਉਸ ਛੋਟੇ ਜਰਮਨ ਵਾਸੀ ਨੇ ਆਖਿਆ ਸੀ ਕਿ ਉਹ ਇਹ ਹੈ। ਸਮਝੇ? ਆਖਿਆ, "ਉਹ ਅਣਜਾਣ ਅਤੇ ਅਨਪੜ੍ਹ ਹਨ। ਪਰ ਉਹ ਉਸ ਮੱਛੀਆਂ ਫੜ੍ਹਨ ਵਾਲੇ, ਨਾਲ ਰਹੇ ਹਨ ਜੋ ਯਿਸੂ ਅਖਵਾਉਂਦਾ ਸੀ, ਮੈਂ ਤੁਹਾਨੂੰ ਦੱਸ ਰਿਹਾ ਹਾਂ, ਕਿਉਂਕਿ ਉਹ ਉਹੀ ਕੰਮਾਂ ਨੂੰ ਕਰ ਰਹੇ ਹਨ ਜੋ ਉਸ ਨੇ ਕੀਤੇ"।

114 ਇਹੋ ਹੀ ਪਵਿੱਤਰ ਆਤਮਾ ਹੈ, ਇਹ ਯਿਸੂ ਹੈ ਜੋ ਅਗਿਆਨੀ ਮੱਛੀਆਂ ਫੜ੍ਹਨ ਵਾਲੇ ਵਿੱਚ ਤਰਖਾਣ ਵਿੱਚ ਜਾਂ ਅਗਿਆਨੀ ਪ੍ਰਚਾਰਕ ਵਿੱਚ, ਜਾਂ ਉਹ ਜੋ ਕੋਈ ਵੀ ਹੋਵੇ, ਉਸ ਵਿੱਚ ਵਾਸ ਕਰ ਰਿਹਾ ਹੈ। ਉਹ ਮਨੁੱਖ ਜੋ ਦੁਨਿਆਵੀ ਚੀਜ਼ਾਂ ਦੇ ਪ੍ਰਤੀ ਅਗਿਆਨੀ ਹੋਣਾ ਚਾਹੁੰਦਾ ਹੈ ਕਿ ਉਹ ਮਸੀਹ ਦੇ ਅੰਦਰ ਆਵੇ, ਪਰਮੇਸ਼ਵਰ ਦਾ ਆਤਮਾ ਉਸ ਵਿੱਚ ਹੋਵੇ, ਉਸ ਦੇ ਕੋਲ ਸਹਾਇਕ ਹੋਵੇ। ਉਹ ਆਪਣੀ ਇੱਜਤ ਦੇ ਬਾਰੇ ਚਿੰਤਾ ਨਹੀਂ ਕਰਦਾ; ਉਹ ਤਾਂ ਸਿਰਫ਼ ਪਰਮੇਸ਼ਵਰ ਨੂੰ ਹੀ ਚਾਹੁੰਦਾ ਹੈ।

115 ਜਦੋਂ ਇਸਰਾਈਲ ਦੇ ਗੋਤਾਂ ਨੂੰ ਉਹਨਾਂ ਦੇ ਸਥਾਨਾਂ ਤੇ ਨਿਯੁਕਤ ਕਰ ਰਿਹਾ ਸੀ ਤਾਂ ਉਸਨੇ ਆਖਿਆ, "ਤੁਸੀਂ ਜੋ ਲੇਵੀ ਹੋ ਮੈਂ ਹੀ ਤੁਹਾਨੂੰ ਜਾਜਕ ਬਣਾਉਣ ਲਈ ਬੁਲਾਇਆ ਹੈ। ਤੁਹਾਡੇ ਭਰਾ ਅਤੇ ਬਾਕੀ ਸਾਰੇ ਲੋਕ, ਬਾਰਾਂ ਗੋਤਾਂ ਨਹੀਂ ਅਤੇ...ਦੂਸਰੇ ਗਿਆਰਾਂ ਗੋਤ ਤੈਨੂੰ ਆਪਣਾ ਦਸਵੰਧ ਦੇਣਗੇ"।

"ਜਦੋਂ, ਤੁਹਾਨੂੰ ਨੌ ਡੱਬੇ ਸੇਬ ਮਿਲਣ ਤਾਂ ਇੱਕ ਡੱਬਾ ਲੇਵੀ ਨੂੰ ਦੇ ਦੇਣਾ, ਜਦੋਂ ਤੁਸੀਂ ਆਪਣੀਆਂ ਭੇਡਾਂ ਨੂੰ ਇੱਥੋਂ—ਹਾਲ ਵਿੱਚੋਂ ਲੰਘਾਓ ਤਾਂ ਹਰ ਦਸਵੀਂ ਭੇਡ ਲੇਵੀਆਂ ਨੂੰ ਦੇਣਾ। ਮੈਂ ਇਸਦੀ ਪਰਵਾਹ ਨਹੀਂ ਕਰਦਾ ਕਿ ਉਹ ਭੇਦ ਛੋਟੀ ਹੈ ਜਾਂ ਵੱਡੀ, ਮੋਟੀ ਹੈ ਜਾਂ ਪਤਲੀ, ਉਹ ਤਾਂ ਬਸ ਲੇਵੀ ਦੀ ਹੀ ਹੈ"।

"ਹੁਣ ਲੇਵਿਓ ਤੁਹਾਡੇ ਲਈ ਇਹ ਹੈ ਕਿ ਤੁਹਾਨੂੰ ਸਭ ਮਿਲ ਜਾਂਦਾ ਹੈ ਤਾਂ ਤੁਸੀਂ ਵੀ ਆਪਣਾ ਦਸਵੰਧ ਯਹੋਵਾਹ ਨੂੰ ਦਿਓ। ਤੁਸੀਂ ਹਿਲਾਉਣ—ਦੀ ਭੇਂਟ ਅਤੇ ਹੋਰ—ਭੇਂਟਾਂ ਚੜ੍ਹਾਓ। ਤੁਸੀਂ ਯਹੋਵਾਹ ਨੂੰ ਆਪਣਾ ਦਸਵੰਧ ਦਿਓ"।

116 ਉਸ ਨੇ ਆਖਿਆ, "ਮੂਸਾ ਤੇਰੇ ਹਿੱਸੇ ਲਈ ਮੈਂ ਹੀ ਤੇਰਾ ਹਿੱਸਾ ਹਾਂ"। ਔਹ ਮੇਰੇ ਖੁਦਾ! ਉਸਨੇ ਆਖਿਆ, "ਮੈਂ ਹੀ ਤੇਰਾ ਸੰਪੂਰਨ ਹਿੱਸਾ ਹਾਂ";

ਅਤੇ ਇਹ ਹੀ ਉਹ ਹੈ ਜੋ ਅੱਜ ਪਰਮੇਸ਼ਵਰ ਦੀ ਸੱਚੀ ਕਲੀਸੀਆ ਦੇ ਲਈ ਪਵਿੱਤਰ ਆਤਮਾ ਹੈ। ਚਾਂਦੀ ਅਤੇ ਸੋਨਾ ਤਾਂ ਮੇਰੇ ਕੋਲ ਨਹੀਂ ਪਰ ਮੇਰੇ ਕੋਲ ਪੂਰਕ (ਸੰਤੁਸ਼ਟ ਕਰਨ ਵਾਲਾਂ ਹਿੱਸਾ) ਹੈ। ਹਾਲੇਲੂਯਾਹ। ਪੜ੍ਹਾਈ, ਲਿਖਾਈ ਮੈਂ ਤਾਂ ਮੁਸ਼ਕਲ ਨਾਲ ਵੀ ਇਸ ਪੁਸਤਕ ਨੂੰ ਨਹੀਂ ਪੜ੍ਹ ਸਕਦਾ। ਪਰ ਮੇਰੇ

ਕੋਲ ਸੰਪੂਰਨ ਹਿੱਸਾ ਹੈ। ਇਹ ਹੀ ਭਲਾ ਹੈ। ਮੇਰੇ ਕੋਲ ਕੋਈ ਵੀ ਡਾਕਟਰ ਦੀ ਡਿਗਰੀ ਨਹੀਂ ਹੈ। ਮੇਰੇ ਕੋਲ ਪੀ ਐਚ ਡੀ ਜਾਂ ਐਲ ਡੀ ਜਾਂ ਹੋਰ ਕੋਈ ਡਿਗਰੀ ਨਹੀਂ ਹੈ। ਪਰ ਮੇਰੇ ਕੋਲ ਤਾਂ ਇੱਕ ਹੀ ਚੀਜ ਹੈ, ਉਹ ਹੈ ਪੂਰਕ ਹਿੱਸਾ ਹੈ, ਇਹ ਹੀ ਉਹ ਹਿੱਸਾ ਹੈ ਜਿਸ ਨੂੰ ਮੈਂ ਚਾਹੁੰਦਾ ਹਾਂ। ਇਹ ਹੀ ਹਿੱਸਾ ਪਰਮੇਸ਼ਵਰ ਤੁਹਾਨੂੰ ਦੇਣਾ ਚਾਹੁੰਦਾ ਹੈ। ਇਹਨਾਂ ਸਾਰੀਆਂ ਪੁਰਾਣੀਆਂ ਵਿਅਰਥ ਗੱਲਾਂ ਨੂੰ ਆਪਣੇ ਸਾਰੇ ਇੱਜਤ ਮਾਣ ਨੂੰ ਅਤੇ ਹਰ ਅਜਿਹੀ ਚੀਜ ਨੂੰ ਬਾਹਰ ਸੁੱਟ ਦਿਓ ਅਤੇ ਬਾਹਰ ਨਿਕਲ ਆਓ ਅਤੇ ਪਰਮੇਸ਼ਵਰ ਦੇ ਇਸ ਸੰਤੁਸ਼ਟ ਕਰਨ ਵਾਲੇ ਹਿੱਸੇ ਨੂੰ ਪ੍ਰਾਪਤ ਕਰ ਲਓ।

117 ਕਿਉਂਕਿ, ਤੁਹਾਡੇ ਕੋਲ ਜੋ ਵੀ ਇਸ ਧਰਤੀ ਦਾ ਹੈ, ਜਦੋਂ ਤੁਸੀਂ ਇਸ ਧਰਤੀ ਨੂੰ ਛਡੋਂਗੇ ਤੁਸੀਂ ਇਹਨਾਂ ਚੀਜ਼ਾਂ ਨੂੰ ਵੀ ਇੱਥੇ ਹੀ ਛੱਡ ਜਾਓਗੇ। ਪਰ ਜੇ ਤੁਹਾਡੇ ਕੋਲ ਇਹ ਪੂਰਕ ਹਿੱਸਾ ਹੈ ਤਾਂ ਇਹ ਪੱਕੀ ਗੱਲ ਹੈ ਕਿ ਇਹ ਤੁਹਾਨੂੰ ਉਤਾਂਹ ਉਠਾ ਲਵੇਗਾ। ਅੱਜ ਅਸੀਂ ਸਦਾ ਹੀ ਇੰਸ਼ੋਰੈਂਸ ਕਰਵਾਉਂਦੇ ਹਾਂ ਅਤੇ ਵਿਸ਼ਵਾਸ ਦਿਵਾਉਂਦੇ ਹਾਂ। ਆਓ ਅਸੀਂ ਪਰਮੇਸ਼ਵਰ ਦੇ ਸੰਤੁਸ਼ਟ ਕਰਨ ਵਾਲੇ ਹਿੱਸੇ ਨੂੰ ਲਈਏ ਅਤੇ ਜਿੰਮੇਵਾਰੀ ਲੈਣ ਵਾਲੇ ਦੀ ਬਜਾਏ ਬੁੱਧੀ ਦੇਣ ਵਾਲੇ ਨੂੰ ਲੈ ਲਈਏ। ਤੁਸੀਂ ਜਾਣਦੇ ਹੋ, ਇਹ ਦੋਵੇਂ ਹੀ ਕੰਮ ਕਰਦੇ ਹਨ।

118 ਹੁਣ ਆਓ ਅਸੀਂ ਵੇਖੀਏ।

*...ਉਹ ਛੁੱਟ ਕੇ ਆਪਣੇ ਸਾਥੀਆਂ ਕੋਲ ਆਏ...*

ਉਹ ਮੁੜ ਕੇ ਜਾਜਕਾਂ ਦੇ ਕੋਲ ਨਹੀਂ ਆਏ। ਸਮਝੇ? ਇਸ ਤੋਂ ਇਹ ਪਤਾ ਲੱਗਦਾ ਹੈ ਕਈ ਉਹਨਾਂ ਦੇ ਕੋਲ ਪਵਿੱਤਰ ਆਤਮਾ ਸੀ। ਉਹ ਮੁੜ ਕੇ ਉਸੇ ਹੀ ਪੁਰਾਣੀ ਠੰਡੀ ਅਤੇ ਰਸਮੀ ਚੀਜ ਵੱਲ ਨਹੀਂ ਆਏ। ਨਹੀਂ; ਵਾਪਿਸ ਮੁੜ ਕੇ ਆਖਿਆ, “ਹੁਣ ਵੇਖ ਉਹਨਾਂ ਨੇ ਸਾਡੇ ਨਾਲ ਕੀ ਕੀਤਾ!” ਨਹੀਂ ਨਹੀਂ। ਉਹਨਾਂ ਦੀ ਆਪਣੀ ਸੰਗਤ ਸੀ। ਉਹ ਤਾਂ ਬਸ ਇਕ ਦਰਜਨ ਜਣੇ ਹੀ ਉਹ ਸਨ, ਤਾਂ ਬਸ ਮੁੱਠੀ ਭਰ ਲੋਕ ਸਨ, ਪਰ ਉਹਨਾਂ ਦੀ ਇੰਨੀ ਕੁ ਸੰਗਤ ਹੀ ਕਾਫੀ ਸੀ।

*...ਉਹ ਛੁੱਟ ਕੇ...*

ਉਹਨਾਂ ਨੂੰ ਕੁੱਟਣ ਮਾਰਨ ਅਤੇ ਧਮਕਾਉਣ ਤੋਂ ਬਾਅਦ ਜਾਜਕਾਂ ਨੇ ਉਹਨਾਂ ਨੂੰ ਆਖਿਆ ਸੀ, “ਜੇਕਰ ਤੁਸੀਂ ਕਦੀ ਫਿਰ ਯਿਸੂ ਮਸੀਹ ਦੇ ਨਾਂ ਵਿੱਚ ਬਪਤੀਸਮਾ ਦਿੱਤਾ!” ਜਾਂ, ਔਹ, ਮੇਰਾ ਮਤਲਬ ਇਹ ਸੀ...ਅੱਛਾ, ਇਹ ਸਹੀ ਗੱਲ ਹੈ। ਸਮਝੇ? “ਜੇਕਰ ਤੁਸੀਂ ਫਿਰ ਯਿਸੂ ਮਸੀਹ ਦੇ ਨਾਮ ਦਾ ਪ੍ਰਚਾਰ ਕੀਤਾ ਜੋ ਵੀ ਤੁਸੀਂ ਕਰਦੇ ਹੋ ਫਿਰ ਕੀਤਾ ਤਾਂ ਅਸੀਂ ਤੁਹਾਨੂੰ ਫੜ ਲਵਾਂਗੇ!”

119 ਉਹਨਾਂ ਨੇ ਆਖਿਆ, "ਵਾਹ, ਇਹ ਇੱਕ ਵਧੀਆ ਧਮਕੀ ਹੈ। ਆਓ ਅਸੀਂ ਆਪਣੇ ਭਰਾਵਾਂ ਕੋਲ ਚੱਲੀਏ"। ਔਹ, ਇਹ ਹੀ ਤਰੀਕਾ ਹੈ। ਏਕਤਾ ਵਿੱਚ ਹੀ ਬਲ ਹੈ, ਏਕਤਾ ਵਿੱਚ ਵੀ ਬਲ ਹੈ। ਉਹਨਾਂ ਨੇ ਆਖਿਆ, "ਆਓ ਅਸੀਂ ਆਪਣੇ ਦੂਸਰੇ ਭਰਾਵਾਂ ਦੇ ਕੋਲ ਚੱਲੀਏ ਅਤੇ ਵੇਖੀਏ ਕਿ ਅਸੀਂ ਕੀ ਕਰ ਸਕਦੇ ਹਾਂ"।

120 ਹੁਣ ਉਹ ਸਾਰੇ ਹੀ ਮਿਲਦੇ ਹਨ ਅਤੇ ਆਪਣਾ ਵੱਖਰਾ ਵੱਖਰਾ ਅਨੁਭਵ ਦੱਸਦੇ ਹਨ।

> *...ਤਦ ਉਹ ਛੁੱਟ ਕੇ ਆਪਣੇ ਸਾਥੀਆਂ ਦੇ ਕੋਲ ਆਏ ਅਤੇ ਜੋ ਕੁਝ ਪ੍ਰਧਾਨ ਜਾਜਕਾਂ ਅਤੇ ਬਜੁਰਗਾਂ ਨੇ ਉਹਨਾਂ ਨੂੰ ਆਖਿਆ ਸੀ ਸੁਣਾ ਦਿੱਤਾ।*
>
> *ਅਤੇ ਜਦੋਂ ਉਹਨਾਂ ਨੇ ਇਹ ਸੁਣਿਆ ਤਾਂ ਇੱਕ ਮਨ ਹੋ ਕੇ ਆਪਣੀ ਅਵਾਜ ਪਰਮੇਸ਼ਵਰ ਵੱਲ ਉਠਾਈ।*

ਹੁਣ ਸੁਣੋ ਉਹਨਾਂ ਨੇ ਆਖਿਆ ਸੀ। ਉੱਥੇ ਵੇਖੋ, ਉਹਨਾਂ ਨੂੰ ਵੇਖੋ, ਪਿੱਛੇ ਨਾ ਜਾਓ ਅਤੇ ਕਹੋ, "ਔਹ..." ਉਸਦੇ ਬਾਰੇ ਕੁਝ ਹੋਰ, "ਓ ਪ੍ਰਭੂ, ਮੈਨੂੰ ਮਾਫ ਕਰੀਂ..." ਨਹੀਂ। ਉਹ ਪਹਿਲਾਂ ਤੋਂ ਹੀ ਬੱਚੇ ਹੋਏ ਸਨ ਉਹ ਪਵਿੱਤਰ ਆਤਮਾ ਨਾਲ ਭਰੇ ਹੋਏ ਸਨ ਅਤੇ ਉਹਨਾਂ ਦੇ ਕੋਲ ਸਦੀਪਕ ਜੀਵਨ ਸੀ।

> *...ਉਹਨਾਂ ਨੇ ਇੱਕ ਮਨ ਹੋ ਕੇ ਉੱਚੀ ਅਵਾਜ ਨਾਲ...ਪਰਮੇਸ਼ਵਰ ਨੂੰ ਪ੍ਰਭੂ ਆਖਿਆ ਤੂੰ ਹੀ ਪਰਮੇਸ਼ਵਰ ਹੈਂ...*

ਆਮੀਨ! ਭਾਈ ਪਾਮਰ, ਮੈਨੂੰ ਇਹੋ ਹੀ ਗੱਲ ਪਸੰਦ ਹੈ ਮੈਂ ਇਹਨੂੰ ਪਸੰਦ ਕਰਦਾ ਹਾਂ।

> *...ਤੂੰ ਹੀ ਪਰਮੇਸ਼ਵਰ ਹੈ, (ਅਸੀਂ ਇਸ ਗੱਲ ਨੂੰ ਜਾਣਦੇ ਹਾਂ)।। ਹੇ ਮਾਲਕ ਤੂੰ ਹੀ ਅਕਾਸ਼ ਅਤੇ ਧਰਤੀ ਅਤੇ ਸਮੁੰਦਰ ਅਤੇ ਸਭ ਕੁਝ ਜੋ ਉਹਨਾਂ ਦੇ ਵਿਚ ਹੈ ਰਚਿਆ;*
>
> *ਤੂੰ ਪਵਿੱਤਰ ਆਤਮਾ ਦੇ ਰਾਹੀਂ ਸਾਡੇ ਵਡੇਰੇ ਆਪਣੇ ਬੰਦੇ ਦਾਊਦ ਦੀ ਜਬਾਨੀ...ਆਖਿਆ, ...*

121 ਹੁਣ ਵੇਖੋ ਉਹ ਵਾਪਿਸ ਪਰਤ ਰਹੇ ਹਨ, ਉਹਨਾਂ ਨੇ ਆਖਿਆ, "ਹੁਣ ਅਸੀਂ ਨਹੀ..." ਹੁਣ ਬਾਹਰ ਜਾਓ ਅਤੇ ਆਖੋ, "ਅੱਛਾ ਹੁਣ ਪ੍ਰਭੂ ਇੱਥੇ ਇੱਕ ਮਿੰਟ ਰੁਕ। ਉਹ ਮੇਰਾ ਬਹੁਤ ਹੀ ਮਜਾਕ ਉਡਾ ਰਹੇ ਹਨ!" ਕੀ ਯਿਸੂ ਮਸੀਹ ਨੇ ਅਜਿਹਾ ਹੀ ਨਹੀਂ ਆਖਿਆ ਸੀ ਕਿ ਉਹ ਅਜਿਹਾ ਕਰਨਗੇ?

"ਉਹ ਸਾਰੇ ਹੀ ਜੋ ਮਸੀਹ ਵਿੱਚ ਭਗਤੀ ਵਾਲਾ ਜੀਵਨ ਗੁਜਰਨ ਚਾਹੁੰਦੇ ਹਨ ਉਹ ਸਤਾਏ ਜਾਣਗੇ"।

"ਅੱਛਾ ਕੀ ਤੁਸੀਂ ਜਾਣਦੇ ਹੋ ਕਿ ਮੇਰੇ ਬੋਸ ਨੇ ਮੈਨੂੰ ਆਖਿਆ ਹੈ ਜੇਕਰ ਮੈਂ..." ਜੇਕਰ ਉਹ ਮੈਨੂੰ ਫੜ੍ਹ ਲਵੇ।। ਕੀ ਯਿਸੂ ਮਸੀਹ ਨੇ ਨਹੀਂ ਆਖਿਆ ਕਿ ਉਹ ਅਜਿਹਾ ਹੀ ਆਖਣਗੇ? "ਅੱਛਾ, ਤੁਸੀਂ ਜਾਣਦੇ ਹੋ ਇੱਕ ਦਿਨ ਉਹ ਮੈਨੂੰ ਅਦਾਲਤ ਵਿੱਚ ਖਿੱਚ ਕੇ ਲੈ ਗਏ ਸਨ"।

122 ਕੀ ਉਸਨੇ ਨਹੀਂ ਸੀ ਆਖਿਆ, "ਮੇਰੇ ਨਾਮ ਦੇ ਕਾਰਣ ਤੁਸੀਂ ਰਾਜਿਆਂ ਦੇ ਅੱਗੇ, ਖੜ੍ਹੇ ਕੀਤੇ ਜਾਓਗੇ। ਚਿੰਤਾ ਨਾ ਕਰੋ ਕਈ ਅਸੀਂ ਕੀ ਆਖਾਂਗੇ ਕਿਉਂਕਿ ਬੋਲਣ ਵਾਲੇ ਤੁਸੀਂ ਨਹੀਂ ਹੋ?" ਮੈਂ ਕਲ ਹੀ ਇੰਝ ਹੁੰਦਾ ਹੋਇਆ ਵੇਖਿਆ ਹੈ। "ਇਹ ਤਾਂ ਪਵਿੱਤਰ ਆਤਮਾ ਹੈ ਜੋ ਤੁਹਾਡੇ ਅੰਦਰ ਰਹਿੰਦਾ ਹੈ; ਉਹੋ ਹੀ ਬੋਲਣ ਵਾਲਾ ਹੈ"। ਸਮਝੇ, "ਉਹ।" ਇਹ ਠੀਕ ਗੱਲ ਹੈ। ਠੀਕ ਹੈ। "ਚਿੰਤਾ ਨਾ ਕਰੋ ਕਿ ਅਸੀਂ ਕੀ ਆਖਾਂਗੇ"।

*ਤੂੰ...ਪਵਿੱਤਰ ਆਤਮਾ ਦੇ ਰਾਹੀਂ...ਸਾਡੇ ਵਡੇਰੇ ਆਪਣੇ ਬੰਦੇ ਦਾਊਦ ਦੀ ਜਬਲੀ ਆਖਿਆ ਕੌਮਾਂ ਕਾਹਨੂੰ ਡੰਡ ਪਾਉਂਦੀਆਂ ਹਨ ਅਤੇ ਉੱਮਤਾਂ ਨੇ ਵਿਅਰਥ ਸੋਚਾਂ ਕਿਉਂ ਕੀਤੀਆਂ ਹਨ?*

*ਧਰਤੀ ਦੇ ਰਾਜੇ ਉਠ ਖੜ੍ਹੇ ਹੋਏ ਅਤੇ ਹਾਕਮ ਇਕੱਠੇ ਹੋਏ ਪ੍ਰਭੂ ਆਰ ਮਸੀਹ ਦੇ ਵਿਰੁੱਧ...*

*...ਕਿਉਂਕਿ ਸੱਚੀ ਮੁਚੀ ਇਸ ਸ਼ਹਿਰ ਵਿੱਚ ਤੇਰੇ ਪਵਿੱਤਰ ਪੁੱਤਰ ਯਿਸੂ ਦੇ ਵਿਰੁੱਧ ਜਿਹਨੂੰ ਮਸਹ ਕੀਤਾ ਹੇਰੋਦੇਸ ਅਤੇ ਪੁੰਤਿਉਸ ਪਿਲਾਤੁਸ ਪਰਾਈਆਂ ਕੌਮਾਂ ਅਤੇ ਇਸਰਾਏਲ ਦੇ ਲੋਕਾਂ ਸਣੇ ਇਕੱਠੇ ਹੋਏ।*

*ਇਸ ਲਈ ਜੋ ਕੁਝ ਤੇਰੇ ਹੱਥ ਅਤੇ ਤੇਰੀ ਮੱਤ ਨੇ ਅਗੇਤਾ ਠਹਿਰਾਇਆ ਸੀ ਭਈ ਹੋਵੇ, ਸੋਈ ਕਰਨ।*

ਹੇ, ਪ੍ਰਭੂ! ਮੈਨੂੰ ਇਹ ਵਧੀਆ ਲੱਗਦਾ ਹੈ, "ਪ੍ਰਭੂ, ਉਹ ਠੀਕ ਉਸੇ ਹੀ ਤਰ੍ਹਾਂ ਕਰ ਰਹੇ ਹਨ ਜਿਵੇਂ ਤੂੰ ਆਖਿਆ ਸੀ ਕਿ ਉਹ ਕਰਨਗੇ"। ਬਾਈਬਲ ਕਿ ਆਖਦੀ ਹੈ? "ਅੰਤ ਦੇ ਦਿਨਾਂ ਵਿੱਚ, ਲੋਕ ਮਖੌਲ ਉਡਾਉਣ ਵਾਲੇ ਕਾਹਲੇ, ਘੁਮੰਡੀ, ਪਰਮੇਸ਼ਵਰ ਦੇ ਨਹੀਂ ਸਗੋਂ ਭੋਗ ਬਿਲਾਸ ਦੇ ਪ੍ਰੇਮੀ ਹੋਣਗੇ; ਪੱਥਰ ਦਿਲ ਪਰਾਈ ਨਿੰਦਿਆ ਕਰਨ ਵਾਲੇ; ਅਸੰਜਮੀ ਨੇਕੀ ਦੇ ਵੈਰੀ ਭਗਤੀ ਦਾ ਰੂਪ ਧਾਰ ਕੇ ਵੀ ਉਹ ਸ਼ਕਤੀ ਦੇ ਇਨਕਾਰੀ ਹੋਣਗੇ..." ਸ਼ਕਤੀ ਪ੍ਰਾਪਤ ਕਰਨ ਲਈ ਉਹ ਕਦੇ ਵੀ ਉੱਥੇ ਉਤਾਂਹ ਨਹੀਂ ਗਏ। "...ਇਸ ਤੋਂ ਬਾਅਦ ਪਵਿੱਤਰ ਆਤਮਾ ਤੁਹਾਡੇ ਅੰਦਰ ਆਉਂਦਾ ਹੈ", "ਭਗਤਿ ਦਾ ਰੂਪ ਧਾਰ ਕੇ ਵੀ ਉਹ ਦੀ

ਸ਼ਕਤੀ ਦੇ ਇਨਕਾਰੀ ਹੋਣਗੇ; ਤੂੰ ਇਹਨਾਂ ਤੋਂ ਪਰੇ ਰਹੋ”। ਇਹੋ ਹੀ ਪਵਿੱਤਰ ਆਤਮਾ ਹੈ। ਵੇਖਿਆ?

*...ਜੋ ਕੁਝ ਪਹਿਲਾਂ ਤੋਂ ਠਹਿਰਾਇਆ ਗਿਆ ਸੀ...ਉਹੀ ਕਰੇ।*

*...ਹੁਣ ਹੇ ਪ੍ਰਭੂ ਉਹਨਾਂ ਦੀਆਂ ਧਮਕੀਆਂ ਨੂੰ ਵੇਖ ਅਤੇ-ਅਤੇ ਆਪਣੇ ਦਾਸਾਂ ਨੂੰ ਇਹ ਬਖਸ਼ ਕਿ ਅੱਤ ਦਲੇਰੀ ਨਾਲ ਤੇਰਾ ਵਚਨ ਸੁਣਾਉਣ।*

ਔਹ, ਮੈਂ ਇਸ ਨੂੰ ਪਸੰਦ ਕਰਦਾ ਹਾਂ! ਆਪਣੇ ਅੰਦਰੋਂ ਉਹਨਾਂ ਪੁਰਾਣੀਆਂ ਖੁਸ਼ ਕਰਨ ਵਾਲੀਆਂ ਸੋਚਾਂ ਨੂੰ ਕੱਢ ਦਿਓ ਅਤੇ ਅਸਲੀ ਦ੍ਰਿੜਤਾ ਨੂੰ ਆਪਣੇ ਅੰਦਰ ਲਈ ਲਓ। ਇੱਥੇ ਹੁਣ ਵੇਖੋ।

*...ਅਸੀਂ ਅੱਤ ਦਲੇਰੀ ਨਾਲ ਤੇਰਾ ਵਚਨ ਸੁਣਾਈਏ,*

*ਜਦ ਤੂੰ ਆਪਣਾ ਹੱਥ ਚੰਗਾ ਕਰਨ ਨੂੰ ਲੰਮਾ ਕਰੇਂ; ...*

ਓ, ਭਾਈ! ਮੈਂ ਉਸਨੂੰ ਪਸੰਦ ਕਰਦਾ ਹਾਂ। ਦੁਸ਼ਟਾਤਮਾ ਨਹੀਂ ਮਰਦੀਆਂ ਅਤੇ ਪਵਿੱਤਰ ਆਤਮਾ ਵੀ ਨਹੀਂ। ਸਮਝੇ?

*...ਅਤੇ ਤੇਰੇ ਪਵਿੱਤਰ ਪੁੱਤਰ ਯਿਸੂ ਮਸੀਹ ਦੇ ਨਾਮ ਵਿਚ ਨਿਸ਼ਾਨ ਅਤੇ ਅਚੰਭੇ ਪ੍ਰਗਟ ਹੋਣ।*

ਹੁਣ ਵੇਖੋ, ਉਹ ਲੋਕ ਕਾਹਦੇ ਲਈ ਹੰਗਾਮਾ ਕਰਦੇ ਹਨ, ਕੀ ਤੁਸੀਂ ਨਹੀਂ ਜਾਣਦੇ? ਉਹ ਅੱਜ ਵੀ ਠੀਕ ਉਸੇ ਤਰ੍ਹਾਂ ਕਰ ਰਹੇ ਹਨ ਪਰ ਇਸ ਨਾਲ ਜਰਾ ਵੀ ਭਲਾ ਨਹੀਂ ਹੁੰਦਾ।

*ਜਦੋਂ ਉਹ ਬੇਨਤੀ ਕਰ ਹਟੇ ਤਾਂ ਉਹ ਠਾ ਜਿੱਥੇ ਉਹ ਇਕੱਠੇ ਹੋਏ ਸਨ ਹਿਲ ਗਿਆ ਅਤੇ ਸਾਰੇ ਪਵਿੱਤਰ ਆਤਮਾ ਨਾਲ ਭਰਪੂਰ ਹੋ ਗਏ ਅਤੇ ਪਰਮੇਸ਼ਵਰ ਦਾ ਵਚਨ ਦਲੇਰੀ ਨਾਲ ਸੁਣਾਉਣ ਲੱਗੇ।*

123 ਹੇ ਪ੍ਰਭੂ! ਜਦੋਂ ਉਹ ਉੱਥੇ ਉਤਾਂਹ ਸਨ ਤਾਂ ਉਹਨਾਂ ਨੈ ਕੁਝ ਪ੍ਰਾਪਤ ਕੀਤਾ ਸੀ ਕਿ ਨਹੀਂ ਕੀਤਾ? ਵਾਦਾ ਕੀਤਾ ਗਿਆ ਸੀ ਪਵਿੱਤਰ ਆਤਮਾ ਇਹੋ ਹੀ ਕਰੇਗਾ, ਦਲੇਰੀ ਬਖਸ਼ੇਗਾ ਤੁਹਾਨੂੰ ਸਹਾਇਕ ਦੇਵੇਗਾ ਤੁਹਾਡੇ ਉੱਤੇ ਮੋਹਰ ਲੱਗਾਵੇਗਾ ਤੁਹਾਨੂੰ ਇੱਕ ਚਿੰਨ੍ਹ ਦੇਵੇਗਾ। ਹੇ ਮੇਰੇ ਪ੍ਰਭੂ!

124 ਸੁਣੋ ਕਾਸ਼ ਕਿ ਮੇਰੇ ਕੋਲ ਸਮਾਂ ਹੁੰਦਾ ਕਾਸ਼ ਕਿ ਅਸੀਂ ਫਿਲੀਪੁਸ ਨਾਲ ਸਾਮਰੀਆ ਤਕ ਜਾਂਦੇ। ਤੁਸੀਂ ਸਾਰੇ ਜੋ ਇਸਨੂੰ ਨੋਟ ਕਰ ਰਹੇ ਹੋ ਇਸ ਦਾ ਵਰਣਨ ਰਸੂਲਾਂ ਦੇ ਕਰਤਬ 8:14 ਵਿੱਚ ਕੀਤਾ ਹੋਇਆ ਹੈ। ਉਹਨਾਂ ਨੇ ਬਹੁਤ ਆਨੰਦ ਪ੍ਰਾਪਤ ਕੀਤਾ ਸੀ ਉਹਨਾਂ ਵਿੱਚ ਵੱਡੀਆਂ ਵੱਡੀਆਂ ਚੰਗਾਈਆਂ ਹੋਈਆਂ ਸਨ। ਨੀਰ ਉਹਨਾਂ ਦਾ ਬਪਤੀਸਮਾ ਯਿਸੂ ਮਸੀਹ ਦੇ ਨਾਮ ਵਿੱਚ

ਹੋਇਆ ਸੀ, ਪਰ ਉਹਨਾਂ ਨੇ ਪਤਰਸ ਅਤੇ ਯੂਹੰਨਾ ਨੂੰ ਯਰੂਸ਼ਲਮ ਤੋਂ ਸਮਰੀਆ ਭੇਜਿਆ ਕਿ ਉਹ ਉਨ੍ਹਾਂ ਤੇ ਹੱਥ ਰੱਖਣ। ਅਤੇ ਜਦ ਪਤਰਸ ਨੇ ਉਨ੍ਹਾਂ ਉੱਤੇ ਹੱਥ ਰੱਖੇ ਤਾਂ ਉਹਨਾਂ ਨੇ ਪਵਿੱਤਰ ਆਤਮਾ ਪਾਇਆ ਰਸੂਲਾਂ ਦੇ ਕਰਤਵ 8:14

125 ਇੱਕ ਪਰਾਈ ਕੌਮ ਦਾ ਆਦਮੀ ਸੀ, ਜਿਸ ਦਾ ਨਾਮ ਕੁਰਨੇਲੀਯੁਸ ਸੀ। ਉਹ ਬਹੁਤ ਹੀ ਭਲਾ ਆਦਮੀ ਸੀ, ਉਹ ਦਸਵੰਧ ਦਿੰਦਾ ਸੀ, ਉਸ ਨੇ ਲੋਕਾਂ ਦੇ ਲਈ ਪ੍ਰਾਰਥਨਾ ਘਰ ਬਣਵਾਏ ਸਨ, ਉਹ ਪਰਮੇਸ਼ਵਰ ਦਾ ਆਦਰ ਕਰਦਾ ਸੀ। ਪਰਮੇਸ਼ਵਰ ਕੋਲੋਂ ਡਰਦਾ ਸੀ, ਇੱਕ ਆਦਮੀ ਸੀ। ਜਿਵੇਂ ਕਿ ਭਲਾ ਪ੍ਰੇਸਬੀਟੇਰਿਅਨ, ਮੇਥੋਡਿਸਟ, ਬੇਪਟਿਸਟ ਜਾਂ ਕੋਈ ਹੋਰ ਹੁੰਦਾ ਹੈ। ਸਮਝੇ? ਬਹੁਤ ਹੀ ਭਲਾ ਮਨੁੱਖ। ਪਰ ਇੱਕ ਦਿਨ, ਪਰਮੇਸ਼ਵਰ ਨੇ ਆਖਿਆ, "ਉਹ ਇੱਕ ਭਲਾ ਮਨੁੱਖ ਹੈ; ਮੈਂ ਉਸਨੂੰ ਇੱਕ ਬੰਦਗੀ ਵਿੱਚ ਭੇਜਾਂਗਾ ਮੈਂ ਆਪਣੇ ਇੱਕ ਪ੍ਰਚਾਰਕ ਨੂੰ ਉੱਥੇ ਭੇਜਾਂਗਾ ਜੋ ਉਸ ਨੂੰ ਇਸ ਦੇ ਬਾਰੇ ਦੱਸੇਗਾ"। ਠੀਕ ਹੈ।

ਸੋ ਉਸ ਨੇ ਇੱਕ ਦਰਸ਼ਨ ਵੇਖਿਆ, "ਯਾਪਾ ਨੂੰ ਜਾਹ ਅਤੇ ਉੱਥੇ ਤੈਨੂੰ ਇੱਕ ਮਨੁੱਖ ਮਿਲੇਗਾ ਜੋ ਚਮੜੇ (ਜੁੱਤੀਆਂ ਬਣਾਉਣ) ਦਾ ਕੰਮ ਕਰਦਾ ਹੈ ਅਤੇ ਉਸ ਦਾ ਨਾ ਸ਼ਮਊਨ ਹੈ। ਅਤੇ ਇੱਕ ਸ਼ਮਊਨ ਪਤਰਸ ਉੱਥੇ ਹੋਵੇਗਾ। ਉਸਨੂੰ ਤੂੰ ਇੱਥੇ ਬੁਲਵਾ ਲੈ। ਅਤੇ ਉਹ ਤੈਨੂੰ ਇਸ ਨੂੰ ਪ੍ਰਾਪਤ ਕਰਨ ਦਾ ਢੰਗ ਦੱਸੇਗਾ ਕਿਉਂਕਿ ਉਸ ਨੇ ਕੁਝ ਪਾਇਆ ਹੋਇਆ ਹੈ"।

126 ਅਤੇ ਜਦ ਪਤਰਸ ਉੱਥੇ ਖਲੋਤਾ ਹੋਇਆ ਸੀ…ਅਤੇ ਜਦੋਂ ਕੁਰਨੇਲੀਉਸ ਉਸ ਪ੍ਰਚਾਰਕ ਦੇ ਪੈਰੀਂ ਪਿਆ ਤਾਂ ਪਤਰਸ ਨੇ ਕਿਹਾ, "ਖੜਾ ਹੋ ਜਾਹ। ਮੈਂ ਵੀ ਤੇਰੇ ਵਰਗਾ ਇੱਕ ਮਨੁੱਖ ਹੀ ਹਾਂ"।

"ਅਤੇ ਜਦੋਂ ਪਤਰਸ ਇਹਨਾਂ ਗੱਲਾਂ ਨੂੰ ਆਖ ਹੀ ਰਿਹਾ ਸੀ," ਕਿ ਕਿਵੇਂ ਉਹ ਪਹਿਲਾਂ ਇਹਨਾਂ ਗੱਲਾਂ ਵਿੱਚ ਗਏ…ਅਤੇ ਇਹਨਾਂ ਕੰਮਾਂ ਨੂੰ ਸ਼ੁਰੂ ਕੀਤਾ, ਮੈਂ ਵੀ ਇਹ ਹੀ ਗੱਲ ਕਰ ਰਿਹਾ ਹਾਂ ਕਿ ਕਿਵੇਂ ਪਵਿੱਤਰ ਆਤਮਾ ਉਂਡੇਲਣ ਦਾ ਵਾਦਾ ਕੀਤਾ ਹੈ। "ਜਦੋਂ ਉਹ ਇਹ ਗੱਲਾਂ ਕਹਿ ਹੀ ਰਿਹਾ ਸੀ ਕਿ ਪਵਿੱਤਰ ਆਤਮਾ ਉਹਨਾਂ ਉੱਤੇ ਉਤਰਿਆ"। ਵਾਹ ਇਹ ਹੋਈ ਨਾ ਗੱਲ! ਅਜਿਹਾ ਹੀ ਹੈ, ਇਹ ਪਵਿੱਤਰ ਆਤਮਾ ਹੈ, ਇਹ ਅਜਿਹੇ ਲੋਕਾਂ ਦੇ ਲਈ ਹੀ ਹੈ। ਯਕੀਨਨ। "ਅਤੇ ਉਹ ਸਾਰੇ ਹੀ ਪਵਿੱਤਰ ਆਤਮਾ ਨਾਲ ਭਰ ਗਏ"।

127 ਹੁਣ ਧਿਆਨ ਦਿਓ। ਅਫਸੁਸ ਵਿੱਚ ਕੀ ਹੋਇਆ? ਉੱਥੇ ਇੱਕ ਬੇਪਟਿਸਟ ਭਾਈ ਸੀ। ਉਹ ਪਹਿਲਾਂ ਇੱਕ ਵਕੀਲ ਸੀ। ਬਹੁਤ ਹੀ ਤੇਜ ਬੁੱਧ ਵਾਲਾ ਹੁਸ਼ਿਆਰ ਕਾਨੂੰਨ ਆਦਮੀ ਦਾ ਗਿਆਨੀ, ਇੱਕ ਵਿਦਵਾਨ ਇੱਕ ਮਹਾਨ ਆਦਮੀ ਸੀ। ਇੱਕ ਦਿਨ ਉਹ ਬਾਈਬਲ ਪੜ੍ਹ ਰਿਹਾ ਸੀ ਅਤੇ ਉਸਨੇ ਵੇਖਿਆ ਕਿ ਇੱਕ ਮਨੁੱਖ ਆਵੇਗਾ ਜਿਸ ਦਾ ਨਾਂ ਮਸੀਹ ਹੋਵੇਗਾ। ਅਤੇ ਜਦੋਂ ਉਸਨੇ

ਅਜਿਹਾ ਕੀਤਾ ਕਿਉਂ ਉਸ ਨੂੰ ਇਸ ਯਿਸੂ ਬਾਰੇ ਗੱਲਾਂ ਸੁਣਨੀਆਂ ਸ਼ੁਰੂ ਹੋ ਗਈਆਂ ਅਤੇ ਉਸ ਨੇ ਕਿਹਾ, "ਮੈਂ ਕਾਇਲ ਕੀਤਾ ਗਿਆ ਹਾਂ। ਮੈਂ ਖੁੱਲ੍ਹੇ ਆਮ ਆਪਣੇ ਵਿਸ਼ਵਾਸ ਦਾ ਕਰਾਰ ਕਰਦਾ ਹਾਂ ਕਿ ਯਿਸੂ ਹੀ ਮਸੀਹ ਹੈ। ਯਿਸੂ ਹੀ ਪਰਮੇਸ਼ਵਰ ਦਾ ਪੁੱਤਰ ਹੈ"। ਉਹ ਇੱਕ ਅਸਲੀ ਬੇਪਟਿਸਟ ਸੀ। ਇੱਥੇ ਉਹ ਆਇਆ ਅਤੇ ਉਸਨੇ ਆਖਿਆ, "ਮੈਂ ਸ਼ਰੇਆਮ ਇਸ ਗੱਲ ਨੂੰ ਮੰਨਦਾ ਹਾਂ ਕਿ ਯਿਸੂ ਹੀ ਮਸੀਹ ਹੈ"। ਉਹ ਇਸ ਕੰਮ ਨੂੰ ਇੰਨਾ ਜਿਆਦਾ ਕਰਨ ਲੱਗ ਪਿਆ ਕਿ ਪਰਮੇਸ਼ਵਰ ਨੂੰ ਉਸ ਨੂੰ ਆਪਣੀ ਸੇਵਕਾਈ ਵਿੱਚ ਲਿਆਉਣਾ ਪਿਆ। ਪਰਮੇਸ਼ਵਰ ਸਦਾ ਹੀ ਇੱਕ ਸੱਚੇ ਹਿਰਦੈ ਨਾਲ ਗੱਲ ਕਰਦਾ ਹੈ।

128 ਅਤੇ ਉੱਥੇ ਹੇਠਾਂ ਜਿਹੇ ਅਕੂਲਾ ਅਤੇ ਪ੍ਰਿਸਕੀਲਾ ਦੋਵੇਂ ਪਤੀ ਪਤਨੀ ਜੋ ਤੰਬੂ ਰਹਿੰਦੇ ਸਨ ਬਣਾਉਣ ਦਾ ਕੰਮ ਕਰਦੇ ਹਨ। ਉਹ ਤੰਬੂ ਬਣਾਉਣ ਵਾਲੇ ਸਨ। ਰਸੂਲਾਂ ਦੇ ਕਰਤਬ 18 ਅਧਿਆਏ ਇਸ ਬਾਰੇ ਦੱਸਦਾ ਹੈ। ਉਹ ਪੌਲੂਸ ਦੇ ਮਿੱਤਰ ਹਨ। ਉਹਨਾਂ ਨੇ ਪੌਲੂਸ ਦੀ ਸਿੱਖਿਆ ਦੇ ਰਾਹੀਂ ਅਤੇ ਪੌਲੂਸ ਦੁਆਰਾ ਹੱਥ ਰੱਖੇ ਜਾਣ ਰਾਹੀਂ ਪਵਿੱਤਰ ਆਤਮਾ ਪਾਇਆ ਸੀ।

ਉਹਨਾਂ ਨੇਂ ਸੁਣਿਆ ਕਿ ਉੱਥੇ ਬੇਦਾਰੀ ਹੋ ਰਹੀ ਹੈ ਤਾਂ ਉਹ ਗਏ। ਉੱਥੇ ਲੱਗਭਗ ਦੱਸ ਜਾਣ ਬਾਰਾਂ ਕੁ ਜਣੇ ਹੀ ਸਨ ਜੋ ਉਸ ਬੇਦਾਰੀ ਸਭਾ ਵਿੱਚ ਹਾਜਰ ਹਨ। ਸੋ ਉਹ ਉੱਥੇ ਬੇਦਾਰੀ ਨੂੰ ਵੇਖਣ ਗਿਆ ਅਤੇ ਉਸ ਨੇ ਸੁਣਿਆ ਸੀ ਕਿ ਇਹ ਪ੍ਰਚਾਰਕ ਹਿਰਦੇ ਦੀ ਨਿਸ਼ਾਨਾ ਨਾਲ ਪ੍ਰਚਾਰ ਕਰ ਰਿਹਾ ਹੈ। ਉਸਨੇ ਕਿਹਾ, "ਤੁਸੀਂ ਜਾਣਦੇ ਹੋ ਕਿ ਮੇਰਾ ਵਿਸ਼ਵਾਸ ਹੈ ਕਿ ਇਹ ਸੱਚਾਈ ਹੀ ਸੁਣੇਗਾ"।

ਸੋ ਜਦੋਂ ਸਭ ਖਤਮ ਹੋ ਗਈ, ਤਾਂ ਉਸਨੇ ਉਸਨੂੰ ਤੰਬੂ ਪਿੱਛੇ ਸੱਦਿਆ ਅਤੇ ਆਖਿਆ, "ਵੇਖੋ ਸਾਡੇ ਕੋਲ ਇੱਕ ਭਾਈ ਸੀ ਜਿਸਦੇ ਕੋਲ ਕਾਫੀ ਉੱਚਾ ਗਿਆਨ ਹੈ। ਉਹ ਨੱਕ ਚਿੜਾਉਣ ਵਾਲਾ ਯਹੂਦੀ ਸੀ ਪਰ ਜਦੋਂ ਉਹ ਇੱਥੇ ਆਵੇਗਾ ਤਾਂ ਉਹ ਪਰਮੇਸ਼ਵਰ ਦਾ ਵਚਨ ਤੁਹਾਨੂੰ ਸਪਸ਼ਟ ਰੂਪ ਨਾਲ ਸਿਖਾਵੇਗਾ"। ਅੱਛਾ, ਕੁਝ ਸਮੇਂ ਬਾਅਦ...

129 ਉਸ ਸਮੇਂ ਪੌਲੂਸ ਕੈਦ ਵਿੱਚ ਸੀ ਆਧੁਨਿਕ ਪ੍ਰਚਾਰਕਾਂ ਦੇ ਲਈ ਕੈਦ ਇੱਕ ਭਿਆਨਕ ਚੀਜ ਹੈ, ਕੀ ਨਹੀਂ ਹੈ? ਪਰ ਪੌਲੂਸ ਕੈਦ ਵਿੱਚ ਸੀ ਪਰਮੇਸ਼ਵਰ ਨੇ ਹੀ ਉਸਨੂੰ ਉੱਥੇ ਪਹੁੰਚਾਇਆ ਸੀ। ਸੋ ਭੁਚਾਲ ਆਉਣ ਤੋਂ ਬਾਅਦ ਜੇਲ ਦੀਆਂ ਨੀਹਾਂ ਹਿਲ ਗਈਆਂ ਅਤੇ ਪੌਲੂਸ ਨੇ ਦਰੋਗੇ ਅਤੇ ਉਸਦੇ ਪਰਿਵਾਰ ਦੇ ਲੋਕਾਂ ਨੂੰ ਲਿਆ ਅਤੇ ਉਸਨੇ ਉਹਨਾਂ ਸਾਰਿਆਂ ਨੂੰ ਯਿਸੂ ਮਸੀਹ ਦੇ ਨਾਮ ਵਿੱਚ ਬਪਤੀਸਮਾ ਦਿੱਤਾ ਅਤੇ ਉੱਥੇ ਚਲਿਆ ਗਿਆ।

ਉਸਨੇ ਹੁਣੇ ਹੀ ਇੱਕ ਔਰਤ ਵਿੱਚੋਂ ਭਵਿੱਖਬਾਣੀ ਬੁਝਣ ਵਾਲੀ ਬਦਰੂਹ ਨੂੰ ਕੱਢਿਆ ਸੀ, ਅਤੇ ਉਹ ਲੋਕ ਉਸ ਔਰਤ ਦੇ ਰਾਹੀਂ ਬਹੁਤ ਸਾਰਾ ਪੈਸਾ ਹਾਸਿਲ ਕਰ ਰਹੇ ਸਨ ਅਤੇ ਕਿਉਂਕਿ ਪੋਲੂਸ ਨੇ ਉਹਨਾਂ ਦੇ ਇਸ ਗੜਬੜ ਵਾਲੇ ਘੋਟਾਲੇ ਦਾ ਭੇਦ ਖੋਲ ਦਿੱਤਾ ਤਾਂ ਇਸ ਲਈ ਉਹਨਾਂ ਨੇ ਪੋਲੂਸ ਨੂੰ ਜੇਲ ਵਿੱਚ ਸੁੱਟ ਦਿੱਤਾ ਸੀ; ਅਤੇ ਪ੍ਰਭੂ ਨੇ ਜੇਲ ਨੂੰ ਹਿਲਾ ਦਿੱਤਾ, ਕਿਉਂਕਿ ਉੱਥੇ ਸੱਚਾਈ ਸੁਣਨ ਦੇ ਲਈ ਕੁਝ ਲੋਕ ਸਨ। ਤੁਸੀਂ ਤਾਂ ਪਰਮੇਸ਼ਵਰ ਦੇ ਵਚਨ ਨੂੰ ਬੰਨ੍ਹ ਕੇ ਨਹੀਂ ਰੱਖ ਸਕਦੇ...ਇਸ ਨਾਲ ਕੋਈ ਮਤਲਬ ਨਹੀਂ ਕਿ ਤੁਸੀਂ ਕੌਣ ਹੋ। ਤੁਸੀਂ ਅਜਿਹਾ ਨਹੀਂ ਕਰ ਸਕਦੇ।

130 ਸੋ ਉਹ ਉੱਥੇ ਆਇਆ ਜਿੱਥੇ ਉਹ ਆਦਮੀ ਸੀ ਅਤੇ ਅਕੂਲਾ ਅਤੇ ਪ੍ਰਿਸਕੀਲਾ ਸੀ। ਹੋ ਸਕਦਾ ਹੈ ਕਿ ਉਹਨਾਂ ਦੇ ਕੋਲ ਕੁਝ ਸੈਂਡਵਿਚ ਹੀ ਹੋਣ ਅਤੇ ਉਹਨਾਂ ਨੇ ਸੈਂਡਵਿਚ ਖਾਣ ਤੋਂ ਤੁਰੰਤ ਬਾਅਦ ਆਖਿਆ ਹੋਵੇ, "ਅਸੀਂ ਉਸ ਬੇਦਾਰੀ ਸਭਾ ਵਿੱਚ ਜਾਵਾਂਗਾ"।

ਪੋਲੂਸ ਪਿੱਛੇ ਬੈਠਾ ਹੋਇਆ ਸੀ ਅਤੇ ਉਸ ਨੇ ਆਪਣਾ ਛੋਟਾ ਚੋਗਾ ਪਹਿਨਿਆ ਹੋਇਆ ਸੀ ਅਤੇ ਉਸ ਬੇਪਟਿਸਟ ਨੂੰ ਜੋ ਪ੍ਰਚਾਰ ਕਰ ਰਿਹਾ ਸੀ ਸੁਣ ਰਿਹਾ ਸੀ।

ਉਸਨੇ ਆਖਿਆ, "ਤੂੰ ਜੇ ਪ੍ਰਚਾਰ ਕੀਤਾ, ਹੈ ਵਧੀਆ ਹੈ, ਪਰ ਇਸ ਦੇ ਬਾਰੇ ਕੁਝ ਹੋਰ ਗੱਲਾਂ ਵੀ ਹਨ"। ਉਸਨੇ ਆਖਿਆ, "ਪੋਲੂਸ ਮੈਂ ਤੇਰੇ ਕੋਲ ਇੱਕ ਪ੍ਰਸ਼ਨ ਪੁੱਛਦਾ ਹਾਂ। ਜਦੋਂ ਤੂੰ ਨਿਹਚਾ ਕੀਤੀ ਤਾਂ ਕਿ ਤੂੰ ਉਸ ਸਮੇਂ ਪਵਿੱਤਰ ਆਤਮਾ ਪਾਇਆ?"

"ਔਹ," ਉਸਨੇ ਆਖਿਆ, "ਅਸੀਂ ਤਾਂ ਪਵਿੱਤਰ ਆਤਮਾ ਦੇ ਬਾਰੇ ਸੁਣਿਆ ਵੀ ਨਹੀਂ ਪਵਿੱਤਰ ਆਤਮਾ ਤੋਂ ਤੁਹਾਡਾ ਕੀ ਅਰਥ ਹੈ?" ਅਸੀਂ ਤਾਂ ਬੇਪਟਿਸਟ ਹਾਂ।

ਆਖਿਆ, "ਤੁਸੀਂ ਕਿਵੇਂ ਜਾਣਦੇ ਹੋ ਕਿ ਤੁਸੀਂ ਬੇਪਟਿਸਟ ਵੇਖਿਆ ਹੈ?" ਸਮਝੇ?

"ਅੱਛਾ, ਅਸੀਂ ਤਾਂ ਬੇਪਟਿਸਟ ਹਾਂ।। ਅਸੀਂ ਤਾਂ ਕੇਵਲ ਯੂਹੰਨਾ ਦਾ ਬਪਤੀਸਮਾ ਹੀ ਜਾਣਦੇ ਹਾਂ"।

ਉਸ ਨੇ ਕਿਹਾ, "ਯੂਹੰਨਾ ਤਾਂ ਸਿਰਫ਼ ਇਹੋ ਕਹਿ ਕੇ ਤੋਬਾ ਦਾ ਬਪਤੀਸਮਾ ਦਿੰਦਾ ਸੀ ਕਿ ਜੋ ਮੇਰੇ ਪਿੱਛੋਂ ਆਉਣ ਵਾਲਾ ਹੈ। ਉਸ ਉੱਤੇ ਅਰਥਾਤ ਯਿਸੂ ਮਸੀਹ ਉੱਤੇ ਵਿਸ਼ਵਾਸ ਕਰੋ"।

ਅਤੇ ਜਦੋਂ ਉਸਨੇ ਇਹ ਸੁਣਿਆ ਤਾਂ ਉਹਨਾਂ ਨੇ ਯਿਸੂ ਮਸੀਹ ਦੇ ਨਾਮ ਵਿੱਚ ਬਪਤੀਸਮਾ ਲਿਆ। ਅਤੇ ਪੌਲੁਸ ਨੇ ਆਪਣੇ ਹੱਥ ਉਹਨਾਂ ਉੱਤੇ ਰੱਖੇ ਤਾਂ ਪਵਿੱਤਰ ਆਤਮਾ ਉਹਨਾਂ ਉੱਤੇ ਉਤਰਿਆ ਤਾਂ ਉਹ ਪਰਾਈ ਭਾਖਿਆ ਬੋਲਣ ਲੱਗੇ ਅਤੇ ਭਵਿੱਖਬਾਣੀ ਕਰਨ ਲੱਗੇ। ਆਖਿਆ, "ਜੇ ਕੋਈ" ਹੁਣ।

131 ਹੁਣ ਅਸੀਂ ਇਸ ਨੂੰ ਕਿਵੇਂ ਕਰਦੇ ਹਾਂ? ਮੈਂ ਤੁਹਾਨੂੰ ਕੁਝ ਦੱਸਣਾ ਚਾਹੁੰਦਾ ਹਾਂ। ਅਤੇ ਮੈਂ।। ਅਸੀਂ ਬੰਦਗੀ ਨੂੰ ਖਤਮ ਕਰਨ ਵਾਲੇ ਹਾਂ, ਕਿਉਂਕਿ ਇਹ।। ਮੈਂ ਤੁਹਾਨੂੰ ਦੱਸਿਆ ਸੀ ਕਿ ਮੈਂ ਤੁਹਾਨੂੰ ਛੇਤੀ ਛੱਡ ਦੇਵਾਂਗਾ। ਤੁਸੀਂ ਜਾਣਦੇ ਹੋ ਕਿ ਪਵਿੱਤਰ ਆਤਮਾ ਕੀ ਹੈ। ਅੱਜ ਰਾਤ ਦੇ ਲਈ ਵਚਨ ਦਾ ਆਖਰੀ ਹਵਾਲਾ...ਮੇਰੇ ਕੋਲ ਇੱਥੇ ਬਹੁਤ ਸਾਰੇ ਹਵਾਲੇ ਲਿਖੇ ਹੋਏ ਹਨ ਪਰ ਸਾਨੂੰ ਉਹਨਾਂ ਨੂੰ ਛੱਡਣਾ ਪਵੇਗਾ। ਆਓ ਅਸੀਂ ਪਹਿਲਾਂ ਕੁਰਿੰਥੀਆਂ ਅਤੇ ਉਸਦਾ 12 ਅਧਿਆਏ ਕੱਢੀਏ। ਫਿਰ ਅਸੀਂ ਇਸ ਨੂੰ ਪੜ੍ਹਾਂਗੇ ਅਤੇ ਫਿਰ ਅਸੀਂ ਇਸ ਮੀਟਿੰਗ ਨੂੰ ਸਮਾਪਤ ਕਰਾਂਗੇ। ਠੀਕ ਹੈ। ਪਹਿਲਾਂ ਕੁਰਿੰਥੀਆਂ 12 ਅਧਿਆਏ।

ਕਿੰਨੇ ਲੋਕ ਪੌਲੁਸ ਦੀ ਸਿੱਖਿਆ ਦਾ ਵਿਸ਼ਵਾਸ ਕਰਦੇ ਹਨ? (ਮੰਡਲੀ ਆਖਦੀ ਹੈ, "ਆਮੀਨ"-ਸੰਪਾ) ਯਕੀਨਨ ਹੀ। ਪੌਲੁਸ ਨੇ ਗਲਤੀਆਂ 1:8 ਵਿੱਚ ਆਖਿਆ, ਜੇਕਰ ਕੋਈ ਸਵਰਗਦੂਤ ਵੀ ਉਸ ਖੁਸ਼ਖਬਰੀ ਤੋਂ ਬਿਨਾਂ ਜਿਹੜੀ ਅਸਾਂ ਤੁਹਾਨੂੰ ਸੁਣਾਈ ਸੀ ਕੋਈ ਹੋਰ ਤੁਹਾਨੂੰ ਖੁਸ਼ਖਬਰੀ ਸੁਣਾਵੇ ਉਹ ਤਾਂ ਸ਼ਰਾਪਤ ਹੋਵੇ। ਇੱਕ ਪ੍ਰਚਾਰਕ ਦੀ ਤਾਂ ਗੱਲ ਹੀ ਛੱਡ ਦਿਓ। "ਜੇਕਰ ਕੋਈ ਸਵਰਗ ਦੂਤ ਵੀ ਅਕਾਸ਼ੋਂ ਉਤਰੇ ਅਤੇ ਕੋਈ ਹੋਰ ਸਿੱਖਿਆ ਸਿਖਾਵੇ ਤਾਂ ਉਹ ਸਰਾਪਤ ਹੋਵੇ"। ਸਮਝ ਗਏ? ਤੁਸੀਂ ਕਿਸੇ ਹੋਰ ਖੁਸ਼ਖਬਰੀ ਨਾਲ ਕੋਈ ਲੈਣਾ ਦੇਣਾ ਨਾ ਰੱਖੋ।

132 ਹੁਣ 1 ਕੁਰਿੰਥੀਆਂ 12 ਅਧਿਆਏ ਨੂੰ ਵੇਖੋ। ਕਿੰਨੇ ਲੋਕ ਇਸ ਗੱਲ ਨੂੰ ਜਾਣਦੇ ਹਨ ਜੀ ਉੱਠਣ ਵਿੱਚ ਸ਼ਾਮਿਲ ਹੋਣ ਦੇ ਲਈ ਸਾਨੂੰ ਮਸੀਹ ਵਿੱਚ ਹੋਣਾ ਜਰੂਰੀ ਹੈ ਕਿਉਂਕਿ ਇਹ ਪਰਮੇਸ਼ਵਰ ਦੀ ਦੇਹ ਹੀ ਹੈ ਜਿਸ ਨੂੰ ਜਿਉਂਦਾ ਕਰਨ ਦਾ ਵਾਦਾ ਖੁਦਾ ਨੇ ਕੀਤਾ ਹੈ? [ਸਭਾ ਆਖਦੀ ਹੈ "ਆਮੀਨ"-ਸੰਪਾਦਕ] ਇਸ ਤੋਂ ਇਲਾਵਾ ਕੋਈ ਹੋਰ ਢੰਗ ਨਹੀਂ ਹੈ, ਕੋਈ ਹੋਰ ਢੰਗ ਨਹੀਂ ਹੈ। ਜੇਕਰ ਤੁਸੀਂ ਬਾਹਰ ਹੋ ਤਾਂ।

ਹੋ ਸਕਦਾ ਹੈ ਕਿ ਤੁਸੀਂ *ਇੱਥੇ* ਪਿੱਛੇ ਵੇਖੋ ਅਤੇ ਉਸ ਉੱਤੇ ਵਿਸ਼ਵਾਸ ਕਰੋ, "ਅਤੇ ਯਕੀਨਨ ਹੀ ਆਖੋ ਮੈਂ ਉਸ ਉੱਤੇ ਵਿਸ਼ਵਾਸ ਕਰਦਾ ਹਾਂ। ਉਹ ਪਰਮੇਸ਼ਵਰ ਦਾ ਪੁੱਤਰ ਹੈ"। ਬਹੁਤ ਚੰਗਾ, ਮੇਰੇ ਭਾਈ ਜੀ, ਜਦੋਂ ਤੁਸੀਂ ਅਜਿਹਾ ਆਖਦੇ ਹੋ ਤਾਂ ਤੁਹਾਡੇ ਨਾਲ ਹੱਥ ਮਿਲਾਉਣ ਦੇ ਲਈ ਤਿਆਰ ਹਾਂ। ਜਦੋਂ ਤੁਸੀਂ ਆਖਦੇ ਹੋ, "ਮੈਂ ਉਸ ਉੱਤੇ ਵਿਸ਼ਵਾਸ ਕਰਦਾ ਹਾਂ। ਮੈਂ ਉਸਨੂੰ ਆਪਣਾ

ਮੁਕਤੀਦਾਤਾ ਕਬੂਲ ਕਰਾਂਗਾ"। ਇਹ ਚੰਗੀ ਗੱਲ ਹੈ। ਪਰ ਅਜੇ ਤਕ ਵੀ ਤੁਸੀਂ ਇਸ ਤੋਂ ਬਾਹਰ ਹੋ। "ਮੈਂ ਪ੍ਰਚਾਰਕ ਨਾਲ ਹੱਥ ਮਿਲਾਵਾਂਗਾ। ਮੈਂ ਆਪਣੇ ਪਾਪਾਂ ਨੂੰ ਸਵੀਕਾਰ ਕਰਾਂਗਾ"। ਅਜੇ ਵੀ ਤੁਸੀਂ ਮਸੀਹ ਵਿੱਚ ਨਹੀਂ ਹੋ।

133 ਹੁਣ ਧਿਆਨ ਦਿਓ। ਵੇਖੋ ਕਿ ਪੌਲੁਸ ਆਖਦਾ ਹੈ ਕਿ ਅਸੀਂ ਮਸੀਹ ਵਿੱਚ ਕਿਵੇਂ ਆਉਂਦੇ ਹਾਂ। ਕਿਵੇਂ ਤੁਹਾਡੀ ਪਹਿਚਾਣ ਹੋਵੇਗੀ ਕਿ ਤੁਸੀਂ ਅਬਰਾਹਾਮ ਦੀ ਸੰਤਾਨ ਹੋ? ਕੀ ਤੁਸੀਂ ਸੁੰਨਤ ਕੀਤੇ ਹੋਏ ਹੋ? ਉਹਨਾਂ ਨੂੰ ਇੱਕ ਚਿੰਨ੍ਹ ਦਿੱਤਾ ਗਿਆ ਸੀ। ਹੁਣ ਤੁਸੀਂ ਇਸ ਨੂੰ ਸੁਣੋ ਪਹਿਲਾਂ ਕੁਰਿੰਥੀਆਂ 12 ਅਧਿਆਏ ਅਸੀਂ ਇਸਨੂੰ 12 ਆਇਤ ਤੋਂ ਪੜ੍ਹਨਾ ਸ਼ੁਰੂ ਕਰਾਂਗੇ।

> *ਜਿਸ ਤਰ੍ਹਾਂ ਇੱਕ ਸ਼ਰੀਰ ਹੈ ਅਤੇ ਉਹਦੇ ਅੰਗ ਬਹੁਤ ਹਨ ਅਤੇ ਸ਼ਰੀਰ ਦੇ ਸਾਰੇ ਅੰਗ ਭਾਵੇਂ ਬਹੁਤ ਹਨ ਪਰ ਤਾਂ ਵੀ ਰੱਲ ਕੇ ਇੱਕੋ ਸ਼ਰੀਰ ਹੋਇਆ ਇਸੇ ਤਰ੍ਹਾਂ ਵੀ ਮਸੀਹ ਹੈ।* (ਅਲੱਗ ਅਲੱਗ ਨਹੀਂ ਪਰ "ਇੱਕੋ" ਹੀ)

ਸੁਣੋ। "ਕਿਉਂਕਿ ਇੱਕੋ ਹੀ ਕਲੀਸੀਆ ਦੇ ਰਾਹੀਂ?" ਕਿੰਨੇ ਲੋਕ ਮੇਰੇ ਪਿੱਛੇ ਪਿੱਛੇ ਇਸ ਨੂੰ ਪੜ੍ਹ ਰਹੇ ਹਨ? "ਕੀ ਹੱਥ ਮਿਲਾਉਣ ਰਾਹੀਂ"? "ਕੀ ਇੱਕ ਪਾਣੀ ਰਾਹੀਂ?" ਤਦ ਜੇਕਰ ਕੋਈ ਅਜਿਹਾ ਕਹਿੰਦਾ ਹੈ ਤਾਂ ਉਹ ਝੂਠਾ ਹੈ।

"ਇੱਕੋ ਹੀ ਆਤਮਾ ਨਾਲ!" ਕੀ ਇੱਕ ਵੱਡੇ ਅੱਖਰ ਨਾਲ ਲਿਖਿਆ ਹੈ? ਤਦ ਇਹ, "ਪਵਿੱਤਰ ਆਤਮਾ" ਹੈ। ਸਮਝੇ?

> *...ਕਿਉਂ ਜੋ ਅਸਾਂ ਸਭਨਾਂ ਨੂੰ ਕੀ ਯਹੂਦੀ, ਕੀ ਯੂਨਾਨੀ, ਕੀ ਗੁਲਾਮ, ਕੀ ਆਜਾਦ ਇੱਕੋ ਸ਼ਰੀਰ ਬਣਨ ਲਈ ਇੱਕ ਆਤਮਾ ਦਾ ਬਪਤੀਸਮਾ ਦਿੱਤਾ ਗਿਆ ਅਤੇ ਅਸਾਂ ਸਭਨਾਂ ਨੂੰ ਇੱਕੋ ਆਤਮਾ ਪੀਆਇਆ ਗਿਆ ਹੈ।*

134 ਮਸੀਹ ਦੀ ਦੇਹ ਇੱਕੋ ਹੀ ਆਤਮਾ ਹੈ ਜਿੱਥੇ ਹਰ ਇੱਕ ਅੰਗ ਪੰਤੇਕੁਸਤ ਤੋਂ ਲੈ ਕੇ ਹੁਣ ਤਕ ਇੱਕੋ ਹੀ ਨਵੀਂ ਮੈਂ ਪੀਂਦਾ ਹੈ, ਇੱਕੋ ਹੀ ਪਵਿੱਤਰ ਆਤਮਾ ਪੀਂਦਾ ਹੈ ਅਤੇ ਇੱਕੋ ਜਿਹੇ ਹੀ ਫਲ ਉਤਪੰਨ ਕਰਦਾ ਹੈ। ਅਸੀਂ ਅਜਿਹਾ ਕਿਵੇਂ ਕਰਦੇ ਹਾਂ? "ਇੱਕੋ ਹੀ ਆਤਮਾ ਦੇ ਰਾਹੀਂ"

ਇਹ ਪਵਿੱਤਰ ਆਤਮਾ ਪਰਮੇਸ਼ਵਰ ਦਾ ਖੁੱਲ੍ਹਾ ਹੋਇਆ ਦਰਵਾਜਾ ਹੈ। ਇਹ ਕੀ ਹੈ? ਇਹ ਪਰਮੇਸ਼ਵਰ ਦਾ ਖੁੱਲ੍ਹਾ ਹੋਇਆ ਦਰਵਾਜਾ ਹੈ। ਇਹੋ ਇੱਕ ਚਿੰਨ੍ਹ ਹੈ। ਇਹ ਇੱਕ ਮੋਹਰ ਹੈ। ਇਹ ਇੱਕ ਸਹਾਇਕ ਹੈ। ਇਹ ਇੱਕ ਵਕੀਲ ਹੈ। ਇਹ ਇੱਕ ਵਿਸ਼ਵਾਸ ਹੈ। ਇਹ ਆਰਾਮ ਹੈ। ਇਹ ਸ਼ਾਂਤੀ ਹੈ। ਇਹ ਭਲਿਆਈ ਹੈ। ਇਹ ਸ਼ਿਫ਼ਾ ਹੈ। ਇਹ ਜੀਵਨ ਹੈ। ਇਹ-ਇਹ ਸਾਰੀਆਂ ਚੀਜਾਂ ਦੇ ਲਈ ਪਰਮੇਸ਼ਵਰ ਦਾ ਖੁੱਲ੍ਹਾ ਦਰਵਾਜਾ ਹੈ, ਜੋ ਕਿ...

ਪਰਮੇਸ਼ਵਰ ਨੇ ਇਹ ਸਿੱਧ ਕੀਤਾ ਹੈ ਕਿ ਉਸ ਨੇ ਮਸੀਹ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਉਂਦਾ ਕਰ ਦਿੱਤਾ ਹੈ। ਅਤੇ ਜੋ ਮਸੀਹ ਵਿੱਚ ਹੋਕੇ ਮਰੇ ਹਨ ਪਰਮੇਸ਼ਵਰ ਕਿਆਮਤ ਦੇ ਦਿਨ ਉਹਨਾਂ ਨੂੰ ਮਸੀਹ ਦੇ ਨਾਲ ਲਿਆਵੇਗਾ। "ਪਵਿੱਤਰ ਆਤਮਾ ਨੂੰ ਦੁਖੀ ਨਾ ਕਰੋ ਜਿਸ ਦੇ ਰਾਹੀਂ ਤੁਹਾਡੇ ਉੱਤੇ ਛੁਟਕਾਰੇ ਦੇ ਦਿਨ ਤਕ ਮੋਹਰ ਲੱਗੀ ਹੋਈ ਹੈ"। ਕਿੰਨੇ ਲੋਕ ਇਸ ਦਾ ਵਿਸ਼ਵਾਸ ਕਰਦੇ ਹਨ? (ਮੰਡਲੀ ਨੇ ਆਖਿਆ, "ਆਮੀਨ"-ਸੰਪਾ)

135 ਮਸੀਹ ਕੀ ਹੈ? ਪਵਿੱਤਰ ਆਤਮਾ ਕੀ ਹੈ? ਇਹ ਕੋਈ ਅਜਿਹਾ ਚੀਜ ਨਹੀਂ ਹੈ ਜਿਸ ਦਾ ਲੋਕ ਮਖੌਲ ਉਡਾਉਣ। ਆਮ ਲੋਕਾਂ ਦੇ ਲਈ ਤਾਂ ਇਹ ਮਖੋਲ ਉਡਾਉਣ ਦੀ ਗੱਲ ਹੈ ਪਰ ਸੱਚੇ ਵਿਸ਼ਵਾਸੀ ਦੇ ਨਾਲ ਅਜਿਹਾ ਨਹੀਂ ਹੈ।

ਬੇਪਰਤਿਤੇ ਦੇ ਲਈ! ਕਾਸ਼ ਕਿ ਮੇਰੇ ਕੋਲ ਦੋ ਜਾਣ ਤਿੰਨ ਹਫਤਿਆਂ ਦਾ ਸਮਾਂ ਹੁੰਦਾ; ਕਲ ਰਾਤ ਦਾ ਸਮਾਂ ਮੈਂ ਲੈਣਾ ਚਾਹੁੰਦਾ ਹਾਂ, ਅਤੇ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਬੇਪਰਤੀਤਿਆਂ ਦੇ ਲਈ। ਇਹ ਹਾਸੇ ਵਾਲੀ ਗੱਲ ਹੈ। ਇੱਕ ਫੰਦਾ ਹੈ। ਇੱਕ ਠੋਕਰ ਦਾ ਕਾਰਣ ਹੈ। ਇਹ ਮੌਤ ਹੈ। ਪਰਮੇਸ਼ਵਰ ਨਾਲੋਂ ਹਮੇਸ਼ਾ ਦੀ ਜੁਦਾਈ ਹੈ। ਇਸ ਦੇ ਬਾਰੇ ਮੈਂ ਨਹੀਂ ਸੋਚ ਸਕਦਾ ਕਿ ਇਹ ਗੱਲਾਂ ਬੇਪਰਤੀਤਿਆਂ ਦੇ ਲਈ ਹਨ!

136 ਯਾਦ ਰੱਖੋ ਜਿਸ ਵਰਖਾ ਦਾ ਬੇਪਰਤੀਤਿਆਂ ਨੇ ਮਖੋਲ ਉਡਾਇਆ, ਠੀਕ ਉਸੇ ਹੀ ਵਰਖਾ ਨੇ ਨੂੰਹ ਅਤੇ ਉਸਦਾ ਪਰਿਵਾਰ ਆਤਮਾ ਦਾ ਲੋਕ ਮਖੋਲ ਉਡਾਉਂਦੇ ਹਨ। ਸਮਝੇ? ਅਤੇ ਉਹੋ ਹੀ ਪਵਿੱਤਰ ਆਤਮਾ ਅੰਤ ਦੇ ਦਿਨਾਂ ਵਿੱਚ ਪਰਮੇਸ਼ਵਰ ਦੀ ਸੱਚੀ ਕਲੀਸੀਆ ਨੂੰ "ਮੂਰਖ ਅਤੇ ਪਾਗਲ ਲੋਕਾਂ ਦਾ ਝੁੰਡ" ਕਹਿੰਦੇ ਹਨ, ਇਹੋ ਹੀ ਗੱਲ ਕਲੀਸੀਆ ਨੂੰ ਉਤਾਂਹ ਉਠਾ ਕੇ ਲੈ ਜਾਵੇਗਾ ਅਤੇ ਬੇਪਰਤੀਤਿਆਂ ਦੇ ਉੱਪਰ ਨਿਆਂ ਨੂੰ ਲਿਆਵੇਗਾ। ਇਹ ਸਹੀ ਗੱਲ ਹੈ। ਇਹੋ ਹੀ ਪਵਿੱਤਰ ਆਤਮਾ ਹੈ।

137 ਧੰਨ ਉਹ ਹਨ…ਮੈਂ ਇਸਨੂੰ ਆਪਣੇ ਦਿਲ ਦੀ, ਖਰਿਆਈ ਨਾਲ ਆਖਦਾ ਹਾਂ। ਧੰਨ ਹਨ ਉਹ ਜੋ ਪਵਿੱਤਰ ਆਤਮਾ ਦੇ ਭੁੱਖੇ ਅਤੇ ਪਿਆਸੇ ਹਨ, ਕਿਉਂਕਿ ਉਹ ਭਰੇ ਜਾਣਗੇ।

138 ਕਲ ਰਾਤ ਅਸੀਂ ਇਸ ਵਿਸ਼ੇ ਤੇ ਬੋਲਾਂਗੇ, ਜਦੋਂ ਇਹ ਆਉਂਦਾ ਹੈ ਤਾਂ ਇਹ ਕੀ ਕਰਦਾ ਹੈ।

139 ਹੁਣ, ਇੱਥੇ ਕਿੰਨੇ ਅਜਿਹੇ ਹਨ ਜੋ ਪਵਿੱਤਰ ਆਤਮਾ ਪਾਉਣਾ ਚਾਹੁਣਗੇ ਅਤੇ ਚਾਹੋਗੇ ਕਿ ਕੋਈ ਤੁਹਾਡੇ ਨਾਲ ਪ੍ਰਾਰਥਨਾ ਕਰੋ ਕਿ ਤੁਸੀਂ ਰੋਸ਼ਨੀ ਨੂੰ ਵੇਖੋ?

ਤੁਸੀਂ ਜਾਣਦੇ "ਇਹ ਕੀ ਹੈ"।

ਹੁਣ, ਕਲ ਰਾਤ, ਅਸੀਂ ਇਸ ਦਾ ਅਧਿਐਨ ਕਰਾਂਗੇ, ਕਿ "ਇਹ ਕੀ ਕਰਦਾ ਹੈ"।

140 ਤਦ ਉਸ ਤੋਂ ਅਗਲੀ ਰਾਤ ਅਸੀਂ ਇਹ ਵੇਖਾਂਗੇ "ਇਸਨੂੰ ਕਿਵੇਂ ਪ੍ਰਾਪਤ ਕਰਨਾ ਹੈ"। ਫਿਰ ਅਸੀਂ ਲੋਕਾਂ ਨੂੰ ਅੰਦਰ ਸੱਦਾਂਗੇ, ਅਤੇ ਲੋਕਾਂ ਨੂੰ ਨਿਰਦੇਸ਼ ਦੇਵਾਂਗੇ ਕਿ ਉਹ ਆਪਣੇ ਕਮਰਿਆਂ ਵਿੱਚ ਜਾਣ ਅਤੇ ਉੱਥੇ ਉਦੋਂ ਤਕ ਰਹਿਣ ਚਾਹੇ ਉਹਨਾਂ ਦੀਆਂ ਵੱਡੇ ਦਿਨ ਦੀਆਂ ਛੁੱਟੀਆਂ ਇਸੇ ਵਿੱਚ ਹੀ ਕਿਉਂ ਨਾ ਲੰਘ ਜਾਣ। ਜਦੋਂ ਤਕ ਕਿ ਪਵਿੱਤਰ ਆਤਮਾ ਨਹੀਂ ਆ ਜਾਂਦਾ ਹੈ। ਇਹ ਸਹੀ ਗੱਲ ਹੈ। ਅਸੀਂ ਇਸਨੂੰ ਬਾਈਬਲ ਦੇ ਸ਼ੁਰੂ ਤੋਂ ਹੀ ਸਮਝਦਾਰੀ ਨਾਲ ਵੇਖਣ ਜਾਂ ਰਹੇ ਹਾਂ। ਅਸੀਂ ਇਸ ਵੱਲ ਵੱਧਾਂਗੇ ਅਤੇ ਇਸ ਨੂੰ ਉਸੇ ਹੀ ਤਰ੍ਹਾਂ ਗ੍ਰਹਿਣ ਕਰਾਂਗੇ ਜਿਵੇਂ ਪਰਮੇਸ਼ਵਰ ਨੇ ਇਸ ਦਾ ਵਾਦ ਕੀਤਾ ਹੈ ਅਤੇ ਜਿਵੇਂ ਇਹ ਸ਼ੁਰੂ ਵਿੱਚ ਉਤਰਿਆ ਸੀ। ਇਹੋ ਹੀ ਕਾਰਣ ਹੈ ਕਿ ਅਜਿਹਾ ਕਰਨ ਲਈ ਅਸੀਂ ਇੱਥੇ ਹਾਂ। ਮੈਂ...ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕੋਈ ਕੀ ਕਹਿੰਦਾ ਹੈ, ਅਸੀਂ...

ਖੁਦਾ ਦਾ ਵਚਨ ਹੀ...ਮੇਰੇ ਦਿਲ ਵਿੱਚ ਸਰਵ ਉੱਚ ਥਾਂ ਤੇ ਹੈ। ਇਹੀ ਸੱਚ ਗੱਲ ਹੈ। ਮੈਂ ਕੇਵਲ ਉਹ ਹੀ ਕਰਨਾ ਚਾਹੁੰਦਾ ਹਾਂ ਜੋ ਪਰਮੇਸ਼ਵਰ ਨੇ ਮੇਰੇ ਕਰਨ ਲਈ ਰੱਖਿਆ ਹੈ। ਪ੍ਰਭੂ ਜੇਕਰ ਕੋਈ ਹੋਰ ਵੀ ਗੱਲ ਹੈ, ਤਾਂ ਤੂੰ ਸਵਰਗ ਨੂੰ ਖੋਲ੍ਹ, ਕਿਉਂਕਿ ਮੈਂ-ਮੈਂ ਇਸ ਦੇ ਲਈ ਆਪਣੇ ਹਿਰਦੇ ਨੂੰ ਖੋਲਿਆ ਹੈ। ਇਹ ਸੱਚੀ ਗੱਲ ਹੈ।

141 ਕਿੰਨੇ ਲੋਕ ਪਵਿੱਤਰ ਆਤਮਾ ਪਾਉਣਾ ਚਾਹੁੰਦੇ ਹਾਂ? ਆਪਣੇ ਹੱਥ ਖੜ੍ਹੇ ਕਰੋ ਅਤੇ ਆਖੋ, "ਮੇਰੇ ਲਈ ਪ੍ਰਾਰਥਨਾ ਕਰੋ"। ਹੁਣ, ਜਦੋਂ ਕਿ ਤੁਸੀਂ ਆਪਣੇ ਹੱਥ, ਉੱਪਰ ਉਠਾਏ ਹੋਏ ਹਨ।

ਸਵਰਗੀ ਪਿਤਾ, ਅਸੀਂ ਬਹੁਤ ਦੇਰ ਤਕ ਸਿੱਖਿਆ ਦਿੱਤੀ ਹੈ। ਪਰ ਤੇਰਾ ਆਤਮਾ ਇੱਥੇ ਹੈ। ਇਸ ਸਮੇਂ ਇਹਨਾਂ ਦੇ ਹੱਥ ਉਤਾਂਹ ਹਵਾ ਵਿੱਚ ਹਨ ਅਤੇ ਉਹ ਜਾਣਦੇ ਹਨ ਕਿ ਪਵਿੱਤਰ ਆਤਮਾ ਕੀ ਹੈ। ਉਹ ਜਾਣਦੇ ਹਨ ਕਿ ਪਵਿੱਤਰ ਆਤਮਾ ਦਾ ਕੀ ਅਰਥ ਹੈ। ਹੇ ਪਰਮੇਸ਼ਵਰ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਇਸ ਤੋਂ ਪਹਿਲਾਂ ਕਿ ਇਹ ਮੀਟਿੰਗ ਖਤਮ ਹੋਵੇ ਇੱਥੇ ਜਿੰਨਿਆ ਲੋਕਾਂ ਨੇ ਆਪਣੇ ਹੱਥਾਂ ਨੂੰ ਖੜੇ ਕੀਤਾ ਹੈ ਉਨ੍ਹਾਂ ਵਿੱਚੋਂ ਹਰੇਕ ਪਵਿੱਤਰ ਆਤਮਾ ਨੂੰ ਪਾ ਲਏ। ਪ੍ਰਭੂ ਅਜਿਹਾ ਹੀ ਬਖਸ਼ ਦੇ।

142 ਅਸੀਂ ਉਹਨਾਂ ਦੇ ਲਈ ਪ੍ਰਾਰਥਨਾ ਕਰਦੇ ਹਾਂ। ਅਸੀਂ ਤੇਰੇ ਕੋਲੋਂ ਇਹ ਮੰਗ ਕਰਦੇ ਹਾਂ ਕਿ ਉਹਨਾਂ ਨੂੰ ਬਰਕਤ ਦੇ ਅਤੇ ਉਹਨਾਂ ਦੇ ਹਿਰਦੇ ਦੀ ਇੱਛਾ ਦੇ ਅਨੁਸਾਰ ਉਹਨਾਂ ਨੂੰ ਬਖਸ਼ ਦੇ। ਉਹਨਾਂ ਦੇ ਹੱਥ ਵੇਖੋ। ਪ੍ਰਭੂ ਉਹ ਤੈਨੂੰ ਪਿਆਰ

ਕਰਦੇ ਹਨ। ਉਹ ਪਵਿੱਤਰ ਆਤਮਾ ਨੂੰ ਚਾਹੁੰਦੇ ਹਨ। ਉਹ ਜਾਣਦੇ ਹਨ ਕਿ ਉਹ ਨਹੀਂ ਚੱਲ ਨਹੀਂ ਸਕਦੇ ਜੇ...ਤੂੰ ਪ੍ਰਭੂ ਕਲ ਰਾਤ ਮੇਰੀ ਮੱਦਦ ਕਰੇਂ ਤਾਂ ਅਸੀਂ ਇਸਨੂੰ ਬਾਈਬਲ ਦੀਆਂ ਲਿਖਤਾਂ ਦੇ ਰਾਹੀਂ ਸਿੱਧ ਕਰਦੇ ਹਾਂ ਕਿ ਉਹ ਪਵਿੱਤਰ ਆਤਮਾ ਤੋਂ ਬਿਨਾਂ ਕਦੇ ਵੀ ਉਠਾਏ ਜਾਣ ਵਿੱਚ ਸ਼ਾਮਿਲ ਨਹੀਂ ਹੋ ਸਕਦੇ। ਸੋ ਪਿਤਾ ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੂੰ ਉਹਨਾਂ ਨੂੰ ਭੁੱਖੇ ਅਤੇ ਪਿਆਸੇ ਕਰ ਤਾਂ ਕਿ ਉਹ ਰਜਾਏ ਜਾਣ, ਪਿਤਾ ਮੈਂ, ਉਹਨਾਂ ਨੂੰ ਤੇਰੇ ਹੱਥਾਂ ਵਿੱਚ ਸੌਂਪਦਾ ਹਾਂ ਅਤੇ ਤੂੰ ਇਹ ਬਰਕਤਾਂ ਬਖਸ਼ ਦੇ, ਅਸੀਂ ਇਹ ਪ੍ਰਾਰਥਨਾ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ, ਆਮੀਨ।

ਮੈਂ ਉਸਨੂੰ ਪਿਆਰ ਕਰਦਾ ਹਾਂ, ਮੈਂ ਉਸਨੂੰ ਪਿਆਰ ਕਰਦਾ ਹਾਂ<br>
ਕਿਉਂਕਿ ਉਸਨੇ ਪਹਿਲਾਂ ਮੈਨੂੰ ਪਿਆਰ ਕੀਤਾ<br>
ਅਤੇ ਮੇਰੀ ਮੁਕਤੀ ਨੂੰ ਕਲਵਰੀ ਦੇ<br>
ਰੁੱਖ ਉੱਤੇ ਖਰੀਦਿਆ।

143 ਇਸ ਤੋਂ ਪਹਿਲਾਂ ਕਿ ਅਸੀਂ ਇਸ ਗੀਤ ਨੂੰ ਦੁਬਾਰਾ ਗਾਈਏ, ਮੈਂ ਇਹ ਆਖਣਾ ਚਾਹੁੰਦਾ ਹਾਂ ਕਿ ਸ਼ੁੱਕਰਵਾਰ ਦੀ ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਮੈਂ ਇੱਥੇ ਕਮਰੇ ਵਿੱਚ ਸੇਵਾਦਾਰ ਭਾਈਆਂ ਨੂੰ ਮਿਲਣਾ ਚਾਹੁੰਦਾ ਸਾਂ। ਸਮਝ ਲੱਗੀ? ਸ਼ੁੱਕਰਵਾਰ ਦੀ ਰਾਤ ਨੂੰ। ਮੈਂ...

ਕੀ ਤੁਸੀਂ ਸਮਝਦੇ ਹੋ ਕਿ ਮੈਂ ਕੀ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਕਿ ਪਵਿੱਤਰ ਆਤਮਾ ਕੀ ਹੈ ਅਤੇ ਕਿਵੇਂ ਉਸਨੂੰ ਪ੍ਰਾਪਤ ਕਰਨ ਹੈ ਅਤੇ ਕਿਵੇਂ ਉਸ ਦਾ ਆਦਰ ਕਰਨਾ ਹੈ। ਤਾਂ ਤੁਸੀਂ ਅੰਨ੍ਹੇ ਹੋ ਕੇ ਕਿਸੇ ਚੀਜ ਨਾਲ ਟਕਰਾਉਣ ਦੇ ਨਾਲ ਨਹੀਂ ਆਓਗੇ। ਇਹੋ ਹੀ ਕਾਰਣ ਹੈ ਕਿ ਮੈਂ ਇਸਦੇ ਬਾਰੇ ਅੱਜ ਰਾਤ ਬਿਲਕੁਲ ਨਹੀਂ ਪੁੱਛਿਆ। ਮੈਂ ਚਾਹੁੰਦਾ ਹਾਂ ਕਿ ਤੁਸੀਂ ਇਹ ਜਾਣ ਲਓ ਕਿ ਪਵਿੱਤਰ ਆਤਮਾ ਕੀ ਹੈ। ਇਹ ਇੱਕ ਵਾਦਾ ਹੈ। ਇੱਕ ਮੋਹਰ ਹੈ। ਇੱਕ ਸਹਾਇਕ ਹੈ। ਇਸੇ ਤਰ੍ਹਾਂ ਹੋਰ ਵੀ।

ਫਿਰ, ਕਲ ਰਾਤ ਅਤੇ ਉਸ ਤੋਂ ਅਗਲੀ ਰਾਤ ਮੀਟਿੰਗ ਕਰਾਂਗੇ ਅਤੇ ਫਿਰ ਉਸ ਤੋਂ ਬਾਅਦ ਅਸੀਂ ਤਦ ਤਕ ਰੁਕੇ ਰਹਾਂਗੇ ਜਦ ਤਕ ਕਿ ਪਵਿੱਤਰ ਆਤਮਾ ਨਹੀਂ ਆ ਜਾਂਦਾ। ਤੁਸੀਂ ਇਸ ਦੀ ਚਿੰਤਾ ਨਾ ਕਰੋ ਕਿ ਇਹ ਕਿੰਨੀ ਦੇਰ ਲਗਾਉਂਦਾ ਹੈ। ਅਸੀਂ ਉਸ ਸਮੇਂ ਤਕ ਠਹਿਰੇ ਰਹਾਂਗੇ। ਤੁਸੀਂ ਆਪਣੇ ਦਿਲਾਂ ਨੂੰ ਸਾਫ ਕਰੋ। ਉਹ ਪਵਿੱਤਰ ਆਤਮਾਂ ਨੂੰ ਕਦੇ ਵੀ ਕਿਸੇ ਅਸ਼ੁੱਧ ਹਿਰਦੇ ਅੰਦਰ ਨਹੀਂ ਉਂਡੇਲੇਗਾ। ਤੁਸੀਂ ਸਭ ਕੁਝ ਠੀਕ ਕਰ ਲਓ, ਤਿਆਰ ਰਹੋ, ਅਤੇ ਤਦ ਉਹ ਅਜਿਹਾ ਹੀ ਬਖਸ਼ ਦੇਵੇਗਾ।

ਮੈਂ ਉਸਨੂੰ ਪਿਆਰ ਕਰਦਾ ਹਾਂ, ਮੈਂ ਉਸਨੂੰ ਪਿਆਰ
ਕਰਦਾ ਹਾਂ,(ਆਓ ਹੁਣ ਅਸੀਂ ਆਪਣੇ ਹੱਥਾਂ ਨੂੰ ਖੜ੍ਹੇ
ਕਰੀਏ)
ਕਿਉਂਕਿ ਉਸਨੇ ਪਹਿਲਾਂ ਮੈਨੂੰ ਪਿਆਰ ਕੀਤਾ,
ਅਤੇ ਮੇਰੀ ਮੁਕਤਿ ਨੂੰ ਕਲਵਰੀ ਦੇ
ਰੁੱਖ ਉੱਤੇ ਖਰੀਦਿਆ।

ਪਾਸਟਰ ਨੇ ਹੁਣੇ ਹੀ ਇਹ ਆਖਿਆ ਹੈ ਅਤੇ ਅਸੀਂ ਇਸ ਨਾਲ ਸਹਿਮਤ ਹਾਂ ਕਿ ਕਲ ਰਾਤ ਅਸੀਂ ਸਾਢੇ ਸੱਤ ਦੀ ਬਜਾਏ ਸੱਤ ਵਜੇ ਮੀਟਿੰਗ ਸ਼ੁਰੂ ਕਰਾਂਗੇ ਅਤੇ ਤਦ ਮੈਂ ਤੁਹਾਨੂੰ ਸਾਢੇ ਨੌਂ ਦੀ ਬਜਾਏ ਸਾਢੇ ਅੱਠ ਵਜੇ ਹੀ ਬਾਹਰ ਕੱਢ ਸਕਾਂਗਾ। ਅਤੇ ਸਾਢੇ ਸ...ਕਲ ਰਾਤ, ਅਸੀਂ ਸੱਤ ਵਜੇ, ਗੀਤ ਗਾਉਣੇ ਸ਼ੁਰੂ ਕਰ ਦੇਵਾਂਗੇ ਅਤੇ ਸਾਢੇ ਸੱਤ ਵਜੇ ਮੈਂ ਪ੍ਰਚਾਰ ਕਰਨ ਸ਼ੁਰੂ ਕਰ ਦਿਆਂਗਾ।

ਮੈਂ ਉਸਨੂੰ ਪਿਆਰ ਕਰਦਾ ਹਾਂ,

ਆਓ ਅਸੀਂ ਆਪਣੇ ਰੁਮਾਲਾਂ ਨੂੰ ਬਾਹਰ ਕੱਢੀਏ, ਅਤੇ ਉਹਨਾਂ ਨੂੰ ਪਰਮੇਸ਼ਵਰ ਦੀ ਵੱਲ ਹਿਲਾਈਏ।

ਮੈਂ ਉਸਨੂੰ ਪਿਆਰ ਕਰਦਾ ਹਾਂ,

ਹੁਣ ਤੁਸੀਂ ਉਹ ਪੁਰਾਣੀਆਂ ਰੀਤਾਂ ਰਿਵਾਜਾਂ ਨੂੰ ਤੋੜ ਦਿਓ

ਕਿਉਂਕਿ ਉਸਨੇ ਪਹਿਲਾਂ ਮੈਨੂੰ ਪਿਆਰ ਕੀਤਾ,
ਅਤੇ ਮੇਰੀ ਮੁਕਤਿ ਨੂੰ ਕਲਵਰੀ ਦੇ
ਰੁੱਖ ਉੱਤੇ ਖਰੀਦਿਆ।

ਠੀਕ ਹੈ, ਹੁਣ ਤੁਹਾਡੇ ਪਾਸਟਰ, ਭਾਈ ਨੇਵਿਲ ਆਉਣਗੇ।

*ਪਵਿੱਤਰ ਆਤਮਾ ਕੀ ਹੈ?* PUN59-1216

(What Is The Holy Ghost?)

**ਪਵਿੱਤਰ ਆਤਮਾ ਦੀ ਲੜੀ**

ਇਹ ਸੰਦੇਸ਼ ਭਾਈ ਵਿਲਿਅਮ ਮੈਰਿਅਨ ਬ੍ਰਾਨਹਮ ਦੁਆਰਾ, ਮੁੱਖ ਰੂਪ ਵਿੱਚ ਅੰਗ੍ਰੇਜੀ ਵਿੱਚ ਦਿੱਤਾ, 16 ਦਿਸੰਬਰ ਸੰਨ 1959 ਵਿੱਚ ਬੁੱਧਵਾਰ ਸ਼ਾਮ ਨੂੰ ਬ੍ਰਾਨਹਮ ਟੇਬਰਨੇਕਲ ਜੈਫਰਸਨਵਿਲੇ ਇੰਡਿਆਨਾ ਯੂ. ਐਸ. ਏ. ਚੁੰਬਕੀ ਟੇਪ ਰਿਕਾਰਡਿੰਗ ਅਤੇ ਅੰਗ੍ਰੇਜੀ ਵਿੱਚ ਛਾਪਿਆ ਤੇ ਉਲੇਖਿਆ ਹੋਈਆ ਵਿੱਚੋਂ ਲਿਆ ਗਿਆ ਹੈ। ਇਹਦਾ ਪੰਜਾਬੀ ਤਰਜਮਾ ਵੋਈਸ ਔਫ ਗੋਡ ਰਿਕੋਡਿੰਗ ਵੱਲੋਂ ਹੀ ਛਾਪਿਆ ਅਤੇ ਵੰਡਿਆ ਗਿਆ ਹੈ।

PUNJABI

©2021 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

# ਕਾਪੀਰਾਈਟ ਨੋਟਸਿ

ਸਾਰੇ ਹੱਕ ਰਾਖਵੇਂ ਹਨ । ਇਹ ਕਤਿਾਬ ਨਜਿੀ ਵਰਤੋਂ ਜਾਂ ਯਸਿੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਟਿੰਰ ਤੇ ਛਾਪੀ ਜਾ ਸਕਦੀ ਹੈ । ਇਹ ਕਤਿਾਬ ਵੋਇਸ ਆਫ ਗੋਡ ਰਕਿਾਰਡਗਿੰਜ® ਵਲੋਂ ਲਖਿਤੀ ਇਜ਼ਾਜ਼ਤ ਦੇ ਬਨਿਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਸਿੇ ਵੈਬਸਾਈਟ ਤੇ ਪੋਸਟ, ਕਸਿੇ ਰੀਟਰੀਵਲ ਸਸਿਟਮ ਤੇ ਸਟੋਰ, ਕਸਿੇ ਹੋਰ ਭਾਸ਼ਾ ਵਚਿੱ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਰਿਪਾ ਕਰੇ ਸੰਪਰਕ ਕਰੋ:



VOICE OF GOD RECORDINGS

P.O. BOX 950, JEFFERSONVILLE, INDIANA 47131 U.S.A.

www.branham.org